# ਮਾਰੂਥਲ ਦੇ ਫੁੱਲ

**ਇਸ ਤੋਂ ਪਹਿਲਾਂ —**

- ਗ਼ਜ਼ਲ ਗੁਲਦਸਤਾ
- ਰਾਤ ਸਫ਼ਰ ਤੇ ਰੋਸ਼ਨੀ
- ਚਾਰਾਗਰਾਂ ਦੀ ਭਾਲ ਵਿੱਚ
- ਗਰਦਿਸ਼ ਦੇ ਆਰ ਪਾਰ

# ਮਾਰੂਥਲ ਦੇ ਫੁੱਲ

ਜਨਕ ਰਾਜ ਜਨਕ

*Poetry / Punjabi Poetry / Ghazal*

**Maruthal De Phul**

*by*

**Janak Raj Janak**
12, Old Gau Shala Road
Talwandi Sabo, Distt. Bathinda-151302
Ph: 01655-220062, 220862
Mob: 94176-81281

2009
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2009*

*Produced and Bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਫੁੱਲਾਂ ਤੇ ਖਾਰਾਂ ਜਿਹੇ ਦੋਸਤਾਂ ਤੇ ਯਾਰਾਂ ਨੂੰ

# ਤਤਕਰਾ


- ਨਵੀਆਂ ਦਿਸ਼ਾਵਾਂ ਦੀ ਉਮੀਦ-ਮਾਰੂਥਲ ਦੇ ਫੁੱਲ 11
- ਮਿਰੇ ਜਜ਼ਬਾਤ-ਮਿਰੀ ਕਾਇਨਾਤ 15
- ਉਛਲ ਦਾ ਦਿਲ ਮੇਰਾ ਕਿਉਂ ਰੋਜ਼ ਯਾਰੋ ਸਾਗਰਾਂ ਵਾਂਗੂੰ 17
- ਹੀਰਿਆਂ ਨੂੰ ਛੱਡ ਕੇ ਕਿਉਂ ਕੰਕਰਾਂ ਵੱਲ ਜਾ ਰਿਹੈਂ 18
- ਨਜ਼ਰ ਆਉਂਦੀ ਉਹ ਮੈਨੂੰ ਜਗਮਗਾਉਂਦੀ ਰੌਸ਼ਨੀ ਕਿਉਂ ਨਈਂ 19
- ਮੇਰੇ ਰਸਤੇ 'ਚ ਦੇਖੋ ਅੱਗ ਦਾ ਦਰਿਆ ਵੀ ਵਗਦਾ ਹੈ 20
- ਮੇਰੇ ਹਾਸੇ ਨਾਲ ਗਿੱਧਾ ਗੈਰ ਵੀ ਪਾਉਂਦੇ ਰਹੇ ਹਨ 21
- ਲੋਕ ਨੰਗਾ ਨਾਚ ਨੱਚਣ ਖੁਸ਼ ਜ਼ਮਾਨਾ ਹੋ ਰਿਹਾ ਹੈ 22
- ਚੁਭੇ ਹਨ ਫੁੱਲ ਵੀ ਅਕਸਰ ਉਨ੍ਹਾਂ ਨੂੰ ਕੰਡਿਆਂ ਵਾਂਗੂੰ 23
- ਤੇਰੇ ਸ਼ਹਿਰ 'ਚ ਹੋਣੇ ਭਾਵੇਂ ਫੁੱਲ ਨੇ ਰੰਗ-ਬਰੰਗੇ 24
- ਸੱਚੇ ਦਿਲੋਂ ਜੇ ਰੱਬ ਤੋਂ ਮੰਗੇ ਮੇਰੇ ਲਈ ਦੁਆ ਯਾਰਾ 25
- ਰੋਜ਼ ਰਾਤ ਨੂੰ ਲੈਂਦੇ ਲੋਕੀਂ ਸੁਪਨੇ ਵੰਨ-ਸਵੰਨੇ 26
- ਲਾਵਾ ਹੈ ਉੱਗਲਦੈ ਜਿਵੇਂ ਉਹ ਬਾਤ ਕਰ ਰਿਹਾ ਹੈ 27
- ਸਿਖਰ ਦੁਪਹਿਰਾ ਡਰਿਆ-ਡਰਿਆ ਲਗਦਾ ਹੈ 28
- ਭੁਲੇਖਾ ਹੈ ਕਿ ਆਪਣਾ ਪੈਰ ਮੈਂ ਪਿੱਛੇ ਹਟਾ ਲਾਂਗਾ 29
- ਪੰਛੀ ਭੁੱਖੇ ਪਿਆਸੇ ਪਰਤ ਆਏ ਨੇ ਘਰਾਂ ਨੂੰ 30
- ਇਹਨਾਂ ਜੰਗਲਾਂ 'ਚੋਂ ਕੱਟ ਦੇਣੇ ਹਨ ਸਰਕੜੇ 31
- ਅਮਨ ਦੇ ਮਾਹੌਲ ਅੰਦਰ ਦਹਿਸ਼ਤਾਂ ਨੂੰ ਨਾ ਬੁਲਾਓ 32
- ਅੱਜ ਕੱਲ੍ਹ ਨਿਮਾਣੇ ਮਾਲੀ ਕਲੀਆਂ ਜਲਾ ਰਹੇ ਨੇ 33
- ਮੈਂ ਚਿਰਾਂ ਦਾ ਘਾਇਲ ਹਾਂ ਜ਼ਖ਼ਮੀ ਪਰਿੰਦੇ ਵਾਂਗਰਾਂ 34
- ਧਰਤੀ ਆਕਾਸ਼ ਤੇ ਮੈਂ ਨਾਂ ਤੇਰਾ ਲਿਖ ਰਿਹਾ ਹਾਂ 35
- ਤੂੰ ਬੈਠਾ ਕਾਸਤੋਂ ਹੈ ਦੱਸ ਵਿਹਲਾ ਹੱਥ 'ਤੇ ਹੱਥ ਧਰ ਕੇ 36
- ਕਿਸ ਨੇ ਬਹਾਰਾਂ ਤਾਈਂ ਕੈਦੀ ਬਣਾ ਕੇ ਰੱਖਿਆ 37
- ਜਦੋਂ ਮੈਂ ਸੌਣ ਲਗਦਾ ਹਾਂ ਗ਼ਜ਼ਲ ਇੱਕ ਹੋਰ ਆ ਜਾਵੇ 38
- ਬਿਖਰ ਜਾਵੇ ਜੇ ਫੁੱਲ ਟੁੱਟ ਕੇ ਤਾਂ ਦਿਲ ਮੇਰਾ ਬਿਖਰਦਾ ਹੈ 39
- ਆਦਮੀਂ ਹਰ ਵਾਹ ਹੈ ਸਕਦਾ ਹੱਥ ਦੀ ਰੇਖਾ ਆਪਣੀ 40

- ਰਿਸ਼ਤਿਆਂ ਵਿੱਚ ਇਸ ਤਰ੍ਹਾਂ ਨਾ ਜ਼ਹਿਰ ਪਾ 41
- ਚਾਨਣਾਂ ਦੇ ਸ਼ਹਿਰ ਵਿੱਚ ਬੇ-ਨੂਰ ਹਾਂ 42
- ਮੇਰੇ ਰਾਹਾਂ ਵਿੱਚ ਹਨ੍ਹੇਰੇ ਜਦ ਕਦੇ ਵੀ ਆਉਣਗੇ 43
- ਚੜ੍ਹਦਾ ਸੂਰਜ ਵਿੰਨ੍ਹਿਆਂ ਜਾਂਦੈ ਤੀਰਾਂ ਤੇ ਤਲਵਾਰਾਂ ਨਾਲ 44
- ਨਾ ਤੂੰ ਕਰ ਅਪਮਾਨ ਮੇਰਾ, ਹੈ ਤਕਾਜ਼ਾ ਰਿਸ਼ਤਿਆਂ ਦਾ 45
- ਬਦਨ ਅੱਜ ਕੱਲ੍ਹ ਨੰਗਾ ਹੈ ਮੁਟਿਆਰ ਦਾ 46
- ਅਸਾਂ ਨੂੰ ਸੁਣ ਰਹੀ ਹੈ ਤਾਨ ਹੁਣ ਤੱਕ ਓਸ ਝਾਂਜਰ ਦੀ 47
- ਲੋਕ ਲੱਗਦੇ ਭੁੱਲ ਗਏ ਆਪਣੇ ਘਰਾਂ ਨੂੰ 48
- ਸ਼ੁਕਰ ਹੈ ਖੁਸ਼ਬੂ ਦਾ ਬੁੱਲ੍ਹਾ ਆਪੇ ਹੀ ਘਰ ਆ ਗਿਆ 49
- ਬਿਰਛਾਂ ਨਾਲੋਂ ਟੁੱਟ ਕੇ ਪੱਤੇ ਉੱਡ ਗਏ ਨੇ ਦੂਰ ਕਿਤੇ 50
- ਜਗਦਾ ਦੀਪਕ ਬੁਝ ਨਾ ਜਾਵੇ ਰੁਕੋ ਹਵਾਓ 51
- ਥੱਕੇ ਮੁਸਾਫਿਰਾਂ ਨੂੰ ਕੁਝ ਤਾਂ ਅਰਾਮ ਹੋਵੇ 52
- ਤਮੰਨਾ ਹੈ ਮੇਰੀ ਚਾਹੇ ਮੇਰਾ ਜੀਵਨ ਗੁਜ਼ਰ ਜਾਵੇ 53
- ਮੋਮਬੱਤੀ ਵਾਂਗ ਬਲ ਕੇ ਕਰ ਰਿਹਾ ਹਾਂ ਰੌਸ਼ਨੀ 54
- ਮੈਨੂੰ ਥਿਆਇਆ ਭਾਲਿਆ ਮੇਰਾ ਹੀ ਘਰ ਨਹੀਂ 55
- ਉਹ ਲਗਦਾ ਪੈਸੇ ਨੂੰ ਹੀ ਪਿਆਰ ਦਾ ਹੈ 56
- ਉਹ ਮੇਰੇ ਕੋਲ ਖੁਦ ਆਇਆ ਹੈ ਉਸ ਦਾ ਸ਼ੁਕਰੀਆ ਹੈ 57
- ਵਿਗੜੀਆਂ ਗੱਲਾਂ ਸੰਵਾਰਨ ਦਾ ਸਮਾਂ ਕੱਢਿਆ ਕਰੋ 58
- ਆਪਣੀ ਔਕਾਤ ਵੀ ਕੁਝ ਲੋਕ ਦਿੰਦੇ ਹਨ ਭੁਲਾ 59
- ਐ ਮੇਰੇ ਸਾਹ ਠਹਿਰ ਜਾ ਪਰ ਹੌਲੀ ਹੌਲੀ 60
- ਕਿਸੇ ਤੋਂ ਮੈਂ ਕਦੀ ਕੀਤਾ ਨਾ ਪਰਦਾ 61
- ਅੱਜ ਮੇਰੇ ਜ਼ਿਹਨ 'ਚੋਂ ਉਠਦੇ ਅਨੇਕਾਂ ਹਨ ਸਵਾਲ 62
- ਬੁਝ ਚੁਕਿਆ ਜੋ ਦਿਲ ਦਾ ਦੀਪਕ ਤੂੰ ਇਕ ਵਾਰ ਜਗਾ ਜਾਵੀਂ 63
- ਹਰ ਜਗ੍ਹਾ ਬਾਰੂਦ ਦਾ ਇੱਕ ਢੇਰ ਨਜ਼ਰੀਂ ਆ ਰਿਹੈ 64
- ਚੜ੍ਹਦੇ ਦਿਨ ਦੀ ਲਾਲੀ ਕੀਤੀ ਸਾਰੀ ਤੇਰੇ ਨਾਮ ਅਸੀਂ 65
- ਹਾਏ ਕਸਵੱਟੀ ਤੇ ਸੋਨਾ ਪਰਖਦਾ ਕੋਈ ਨਹੀਂ 66
- ਪੈਂਡਿਆਂ ਦਰ ਪੈਂਡਿਆਂ 'ਚੋਂ ਮੈਂ ਗੁਜ਼ਰਦਾ ਜਾ ਰਿਹੈਂ 67
- ਤੂੰ ਅੱਗ ਅੰਦਰ ਇਹ ਫੁੱਲ ਕਲੀਆਂ ਮਚਾਈ ਜਾ ਰਿਹੈਂ ਕਾਹਤੋਂ 68

- ਤੇਰਾ ਇਹ ਬਾਗ ਕਿਉਂ ਸੁੱਕਿਆ ? ਤੂੰ ਦੱਸ ਜਾ ਬਾਗ ਦੀ ਪਰੀਏ 69
- ਬੂਰ ਜੇ ਰੀਝਾਂ ਦਾ ਆਇਐ ਫਲ ਵੀ ਲੱਗੂ ਲਾਜ਼ਮੀ 70
- ਮੇਰਿਆਂ ਖਾਬਾਂ 'ਚ ਉਹ ਮੁੜ-ਮੁੜ ਕੇ ਆਉਂਦੇ ਹੀ ਰਹੇ 71
- ਸ਼ੂਕਦੇ ਹਨ ਨਾਗ ਥਾਂ-ਥਾਂ ਫਿਰ ਵੀ ਉਹ ਤੁਰਦਾ ਪਿਆ ਹੈ 72
- ਹਮੇਸ਼ਾ ਜੋ ਮੈਨੂੰ ਸਤਾਉਂਦੇ ਰਹੇ 73
- ਠੋਕਰਾਂ ਹੀ ਠੋਕਰਾਂ ਹਨ ਹਾਦਸਾ ਦਰ ਹਾਦਸਾ ਹੈ 74
- ਤੇਰੇ ਦਿਲ ਅੰਦਰ ਮੁਹੱਬਤ ਵਰਗੀ ਖ਼ੁਸ਼ਬੋਈ ਨਹੀਂ 75
- ਉਹ ਮੇਰੇ ਘਰ ਵਿੱਚ ਲੈ ਕੇ ਗੁਲਾਬ ਆਵੇ 76
- ਬਿਨਾਂ ਖੰਭਾਂ ਤੋਂ ਮੈਂ ਆਸਮਾਨ 'ਤੇ ਲਾਈ ਉਡਾਰੀ ਹੈ 77
- ਘਰ ਦਾ ਤਮਾਮ ਚਾਨਣ ਜ਼ਾਲਮ ਡਕਾਰ ਤੁਰਿਆ 78
- ਕਿਤੇ ਨਾ ਚੈਨ ਮਿਲੇ ਦਿਲ ਨੂੰ ਮੈਅਕਸ਼ਾਂ ਦੀ ਤਰ੍ਹਾਂ 79
- ਕੌਣ ਹੈ ਉਹ ਲਾਲਚੀ ਜੋ ਜ਼ੁਲਮ ਐਨਾ ਢਾ ਰਿਹੈ 80
- ਨਾ ਬਣਾਓ ਸ਼ੀਸ਼ਿਆਂ ਦੇ ਘਰ ਤੁਸੀਂ 81
- ਗਾ ਰਿਹੈ ਮੇਰੀ ਗ਼ਜ਼ਲ ਪਰ ਬੇ-ਤਰੰਗਾ ਹੋ ਰਿਹੈਂ 82
- ਕਿਹੜਾ ਮੈਨੂੰ ਭੇਜ ਰਿਹਾ ਹੈ ਨਿੱਤ ਨਵੀਆਂ ਤਸਵੀਰਾਂ 83
- ਕਿਸੇ ਦੀ ਬਾਂਹ ਭਲਾਂ ਕਿਹੜਾ ਫੜੇ ਅੱਜ 84

# ਨਵੀਆਂ ਦਿਸ਼ਾਵਾਂ ਦੀ ਉਮੀਦ-ਮਾਰੂਥਲ ਦੇ ਫੁੱਲ

ਸਭ ਦੋਸਤਾਂ ਨੂੰ ਸਮਰਪਿਤ ਜਨਕ ਰਾਜ ਜਨਕ ਦਾ ਪੰਜਵਾਂ 'ਦੀਵਾਨ' ਮਾਰੂਥਲ ਲਈ ਫੁੱਲਾਂ ਦੇ ਖਿੜਨ ਅਤੇ 'ਬਦਲੀਆਂ ਦੇ ਵਰ੍ਹਨ' ਜਿਹੇ ਖਾਬਾਂ ਨੂੰ ਸਮੋਣ ਦਾ ਆਹਰ ਕਰਦਾ ਹੈ। ਜਨਕ ਦੀ ਸਿਰਜਣਾ ਵਿੱਚ ਦਿਲ ਦਾ ਗਰਮ ਖ਼ੂਨ ਹੈ ਜੋ ਸੰਘਰਸ਼ ਮਈ ਹਾਲਾਤਾਂ ਵਿੱਚ ਵੀ ਜੀਣ ਦੇ ਅਜ਼ਮ ਦੀ ਕੁਹਾਰ ਲਾਉਂਦਾ ਹੈ। ਤਿੱਖੀ ਧਾਰ ਉੱਤੇ ਨੱਚ ਕੇ ਆਉਣ ਵਾਲੇ ਪਹਿਲੇ ਪੂਰ ਨਾਲ ਸਬੰਧਿਤ ਉਹ ਬੂਰ ਹੈ ਜਿਹੜਾ ਆਪਣਿਆਂ ਦੇ ਰਾਹਾਂ ਨੂੰ ਨਰਮ ਤੇ ਹੁਸੀਨ ਬਣਾਉਣ ਲਈ ਸਭ ਕੁਝ ਕਰਨ ਤੋਂ ਜਰਨ ਲਈ ਤਤਪਰ ਹੈ। ਜਨਕ ਲਿਖਦਾ ਹੈ –

– ਆਦਮੀ ਹਰ ਵਾਹ ਹੈ ਸਕਦਾ ਹੱਥ ਦੀ ਰੇਖਾ ਆਪਣੀ,
ਹੱਥ 'ਚ ਸਭ ਦੇ ਡੋਰ ਹੈ ਇਸ ਜ਼ਿੰਦਗੀ ਤੇ ਵਕਤ ਦੀ।

– ਇਹ ਕੇਹਾ ਸ਼ਹਿਰ ਹੈ ਤੇਰਾ ਨੇ ਵਸਦੇ ਲਾਲਚੀ ਬੰਦੇ,
ਜੋ ਏਥੇ ਆਣ ਵਸਦਾ ਏ ਉਹ ਏਥੋਂ ਰੋਂਵਦਾ ਜਾਵੇ।

– ਤੂੰ ਕਹੇਂ ਮਕਤਲ 'ਚ ਜਾ ਕੇ ਮੈਂ ਕਟਾ ਦੇਵਾਂ ਇਹ ਸਿਰ,
ਤੂੰ ਕਹੇਂ ਤਾਂ ਹੋਰ ਕੁਝ ਦਿਨ ਮੌਤ ਮੈਂ ਸਕਦਾ ਹਾਂ ਟਾਲ।

ਇਹ ਸ਼ਾਇਰੀ ਆਪ ਨੂੰ ਦੁਨੀਆਂ ਦੇ ਜਮਘਟ ਵਿੱਚੋਂ ਲੱਭ ਕੇ ਅੱਗ ਦਾ ਦਰਿਆ ਪਾਰ ਕਰ ਜਾਣ ਦਾ ਪੈਗ਼ਾਮ ਦਿੰਦੀ ਹੈ। ਬੋਦੀ ਵਾਲੇ ਤਾਰੇ ਦੀ ਬਦਸ਼ਗਨੀ ਤੇ ਟੁੱਟੇ ਸਾਜਾਂ ਵਾਂਗ ਹੋਈ ਬੇਤਾਲ ਜ਼ਿੰਦਗੀ ਦੀਆਂ ਗ਼ਜ਼ਲਾਂ ਉਹਨਾਂ ਮਰਹੂਮ ਅਤੇ ਮਹਿਰੂਮ ਲੋਕਾਂ ਦੀ ਦਾਸਤਾਨ ਹਨ, ਜਿਨ੍ਹਾਂ ਲਈ ਫੁੱਲ ਕੰਡੇ ਬਣ ਜਾਂਦੇ ਹਨ। ਜਿਨ੍ਹਾਂ ਨੇ ਹਵਾਲਾਤਾਂ ਨੂੰ ਘਰਾਂ ਜਿਹਾ ਹੀ ਤਸੱਵਰ ਕਰ ਲਿਆ ਹੈ। ਭੰਬਲ ਭੂਸੇ, ਭਟਕਣ ਅਤੇ ਭੜਕਾਹਟ ਵਿਚ ਤੇਲ ਅਤੇ ਦੀਪ ਬਿਨਾਂ ਬੱਤੀਆਂ ਵੱਟਣ ਦਾ ਪ੍ਰਤੀਕ, ਮੁੱਠੀ ਵਿੱਚ ਸੂਰਜ ਲੁਕਾਣ ਵਰਗੀ ਖੁਸ਼ਫਹਿਮੀ ਜਿਹਾ ਹੈ। ਕਾਵਿ ਵਿਅੰਗ –

– ਚਿੱਟਾ ਹੈ ਖ਼ੂਨ ਹੋਇਆ ਸਭ ਥਾਂ ਹੀ ਦੇਖਦੇ ਹਾਂ,

ਹਰ ਥਾਂ ਹੀ ਦੇਖਦੇ ਹਾਂ ਸੱਭਿਅਤਾ ਦੀ ਸ਼ਾਮ ਹੋਵੇ।

- ਜੇ ਮਰਨਾ ਹੈ ਮੁਹੱਬਤ ਵਿਚ ਮਰੋ ਕੁਝ ਲੁਤਫ਼ ਤਾਂ ਆਵੇ,
  ਨਾ ਕਰੀਏ ਖ਼ੁਦਕੁਸ਼ੀ ਤੇ ਮੌਤ ਸਿਰ ਇਲਜ਼ਾਮ ਕਿਉਂ ਧਰੀਏ।

ਜਨਕ ਦੀਆਂ ਗ਼ਜ਼ਲਾਂ ਨਜੂਮੀ ਨਾਲੋਂ ਹਿੰਮਤ ਅਤੇ ਜੇਰੇ ਤੇ ਵਿਸ਼ਵਾਸ ਕਰਦੀਆਂ ਹਨ। ਸਮੁੱਚੇ ਮਾਨਵੀ ਚੁਗਿਰਦੇ ਅੰਦਰ ਮਾਰਕੀਟ ਕਲਚਰ ਦੇ ਫੈਲਾਅ ਨੇ ਅਹਿਸਾਸਾਂ ਨੂੰ ਸੁਕੇੜ ਦਿੱਤਾ ਹੈ, ਚਿੱਟੇ ਖ਼ੂਨ ਨੇ ਸੱਭਿਅਤਾ ਦੀ ਸ਼ਾਮ ਕਰ ਦਿੱਤੀ ਹੈ। ਬੇਅਕਲ ਨਿਵਾਜੇ ਜਾ ਰਹੇ ਹਨ। ਇੱਥੇ ਕੇਵਲ ਠੀਕਰੀਆਂ ਦੀ ਪੂਜਾ ਕਰਨ ਵਾਲਾ ਰੰਗਲੀ ਜ਼ਿੰਦਗੀ ਦੀ ਨਕਸ਼ ਨੁਹਾਰ ਉਲੀਕ ਰਿਹਾ ਹੈ। ਘਰਾਂ ਦਾ ਮਾਹੌਲ ਪਥਰੀਲਾ ਹੋ ਗਿਆ ਹੈ। ਬੰਦਾ ਬੰਦੇ ਲਈ ਦਾਰੂ ਦੀ ਥਾਂ ਮਾਰੂ ਹੋ ਰਿਹਾ ਹੈ। ਸੱਚ ਦੇ ਸਿਰ ਅੱਜ ਅਨੇਕਾਂ ਤੁਹਮਤਾਂ ਹਨ। ਸਮੁੱਚਾ ਢਾਂਚਾ ਸਭ ਨੂੰ ਖੋਰ ਰਿਹਾ ਹੈ। ਜਨਕ ਲਿਖਦਾ ਹੈ –

- ਹਰ ਜਗਾਹ ਬਾਰੂਦ ਦਾ ਇੱਕ ਢੇਰ ਨਜ਼ਰੀਂ ਆ ਰਿਹੈ।
  ਹੱਥਾਂ ਨੂੰ ਖਾਂਦੇ ਨੇ ਹੱਥ ਬੰਦੇ ਨੂੰ ਬੰਦਾ ਖਾ ਰਿਹੈ।

- ਕਿਸੇ ਦੀ ਬਾਂਹ ਭਲਾ ਕਿਹੜਾ ਫੜੇ ਅੱਜ।
  ਹਰਿਕ ਤੂਹਮਤ ਹੀ ਸੱਚ ਦੇ ਸਿਰ ਮੜ੍ਹੇ ਅੱਜ।

- ਮੇਰੇ ਪੈਰੀਂ ਜਿਨ੍ਹਾਂ ਨਜ਼ਰਾਂ ਵਿਛਾਈਆਂ ਨੇ
  ਮੇਰੇ ਖਾਤਰ ਉਹਨਾਂ ਫਤਵੇ ਘੜੇ ਅੱਜ।

ਜਨਕ ਰਾਜ ਜਨਕ ਨੂੰ ਆਧੁਨਿਕ ਪੱਛਮੀ ਤਹਿਜ਼ੀਬ ਦੇ ਵਿਗਸਣ ਨਾਲ ਪੈਦਾ ਹੋਏ ਸਾਹ ਘੁਟਵੇਂ ਮਹੌਲ ਵਿੱਚ ਪਿਸ ਰਹੇ ਆਮ ਬੰਦੇ ਦਾ ਦਰਦ ਹੈ। ਉਹ ਪੂਰਵੀ ਫਲਸਫ਼ੇ ਤੇ ਮਾਨਵੀ ਕਦਰਾਂ ਕੀਮਤਾਂ ਦਾ ਸੁਪਨਾ ਪੁਨਰ ਜੀਵਤ ਕਰਨਾ ਲੋਚਦਾ ਹੈ। ਜਨਕ ਲਿਖਦਾ ਹੈ –

ਪਹਿਣ ਪੁਸ਼ਾਕ ਰੇਸ਼ਮੀ ਆਏ ਖੁਸ਼ਬੂ ਵਿੱਚ ਨਹਾ ਕੇ,
ਸ਼ਰਮ ਨਾਲ ਹੀ ਗਰਕ ਹੋ ਗਈਆਂ ਮੇਰੇ ਤਨ ਦੀਆਂ ਲੀਰਾਂ।
ਸੂਰਦਾਸ ਤੁਲਸੀ ਹੁਣ ਕਿੱਥੇ, ਮੀਰਾਂ ਤੁਰ ਗਈ ਚਿਰ ਦੀ,
ਪੈਸਾ ਅਪਣਾ ਰੱਬ ਬਣਾਇਆ ਨਵਿਆਂ ਭਗਤ-ਕਬੀਰਾਂ।

ਸੰਰਚਨਾਤਮਕ ਪੱਖੋਂ ਜਨਕ ਰਾਜ ਜਨਕ ਦੀਆਂ ਗ਼ਜ਼ਲਾਂ ਲੈਆਤਮਿਕ ਸੰਗੀਤਕ ਅਤੇ ਲੋਕ ਮੁਖੀ ਮੁਹਾਵਰੇ ਦੇ ਨਾਲ ਜੁੜੀਆਂ ਹੋਣ ਕਰਕੇ ਪ੍ਰਗੀਤਕ

ਧਰਾਤਲ ਦੇ ਨੇੜੇ ਜ਼ਿਆਦਾ ਦਿਖਾਈ ਦਿੰਦੀਆਂ ਹਨ। ਮੁਹਾਵਰਿਆਂ ਦਾ ਸਹਿਜ ਨਿਭਾਅ ਉਸ ਦੇ ਕਾਵਿ ਨੂੰ ਹੋਰ ਵੀ ਸਜਿੰਦ ਕਰ ਦਿੰਦਾ ਹੈ। ਜਿਵੇਂ

- ਤੇਰੇ ਦਿਲ ਅੰਦਰ ਮੁਹੱਬਤ ਵਰਗੀ ਖੁਸ਼ਬੋਈ ਨਹੀਂ।
  ਇੰਜ ਲਗਦੈ ਜਿੱਦਾਂ ਦੁਨੀਆਂ 'ਚ ਤੇਰਾ ਕੋਈ ਨਹੀਂ।
- ਤੇਰੀ ਇੱਜ਼ਤ ਦੀ ਉਹ ਰਾਖੀ ਕਰ ਸਕੂਗਾ ਕਿਸ ਤਰ੍ਹਾਂ,
  ਜਿਸ ਨੇ ਅਪਣੇ ਸਿਰ 'ਤੇ ਰੱਖੀ ਸ਼ਰਮ ਦੀ ਲੋਈ ਨਹੀਂ।
- ਜਿਸ ਨੇ ਪੱਲਾ ਝਾੜ ਦਿੱਤਾ ਰਹਿ ਗਿਆ ਕੀ ਉਸ ਦੇ ਪੱਲੇ,
  ਉਹ ਤਾਂ ਐਵੇਂ ਰੂੜੀਆਂ ਵਿੱਚੋਂ ਸੁਗੰਧੀ ਭਾਲਦਾ ਹੈ।
- ਮੈਂ ਜਿਨ੍ਹਾਂ ਦੀ ਸ਼ੁਹਰਤ ਵਧਾਈ ਸਦਾ,
  ਉਹ ਮੇਰੀ ਇੱਜ਼ਤ ਘਟਾਉਂਦੇ ਰਹੇ।
- ਨਾ ਬਦੀ ਕਰ ਯਾਰ ਹੁੰਦੀ ਹੈ ਬਦੀ ਸਭ ਤੋਂ ਬੁਰੀ,
  ਇਸ ਬਦੀ ਦਾ ਜ਼ਹਿਰ ਤਖ਼ਤੋ ਤਾਜ਼ ਕਿੰਨੇ ਖਾ ਗਿਆ
- ਫੈਸ਼ਨਾਂ ਨੇ ਲੋਈ ਲਾਹੀ ਸ਼ਰਮ ਦੀ
  ਕਿਉਂ ਨਹੀਂ ਸੰਸਾਰ ਇਹ ਵੀਚਾਰਦਾ।
- ਔਰਤਾਂ ਦੀ ਮਰਦ ਕਢਦੇ ਗਾਲ ਨੇ,
  ਦੋ ਟਕੇ ਵੀ ਮੁੱਲ ਨਾ ਮੁਟਿਆਰ ਦਾ।
- ਨਚਦੇ ਆਏ ਜੋ ਨੇ ਤਿੱਖੀ ਧਾਰ ਤੇ,
  ਉਹਨਾਂ ਵਿਚੋਂ ਇੱਕ ਮੈਂ ਪਹਿਲਾ ਪੂਰ ਹਾਂ।
- ਏਸ ਉੱਜੜੇ ਘਰ ਤਰ੍ਹਾਂ ਹੈ ਜ਼ਿੰਦਗੀ
  ਬਿਰਛ ਹੇਠਾਂ ਡਿੱਗਿਆ ਮੈਂ ਬੂਰ ਹਾਂ।
- ਇਹ ਹੁਨਰ ਵੀ ਮੈਨੂੰ ਆਉਂਦਾ ਹੈ ਜਨਾਬ,
  ਕੁੱਜੇ ਵਿੱਚ ਦਰਿਆ ਵੀ ਮੈਂ ਸਕਦਾਂ ਛੁਪਾ।

ਜਨਕ ਰਾਜ ਜਨਕ ਵਰਗੇ ਲੋਕ ਸਧਾਰਨ ਲੋਕਾਂ ਦੀ ਬੋਲੀ ਵਿੱਚੋਂ ਰੋਜ਼ ਮੱਰ੍ਹਾ ਦੀ ਜ਼ਿੰਦਗੀ ਨਾਲ ਸੰਵਾਦ ਰਚਾ ਕੇ ਨਾ ਸਿਰਫ਼ ਉਹਨਾਂ ਨੂੰ ਜ਼ੁਬਾਨ ਦਿੰਦੇ ਹਨ ਬਲਕਿ ਉਹਨਾਂ ਦੀ ਜ਼ੁਬਾਨ ਵਿੱਚ ਗੱਲ ਕਰਕੇ ਸ਼ੁੱਧ ਮਾਨਵੀ ਕਦਰਾਂ-ਕੀਮਤਾਂ ਦੀ ਉਸਾਰੀ ਲਈ ਯਤਨਸ਼ੀਲ ਹਨ। ਇਸ ਸੰਗ੍ਰਹਿ ਵਿੱਚ ਚਿੜੀ ਵਿਚਾਰੀ ਕੀ ਕਰੇ, ਠੰਡਾ ਪਾਣੀ ਪੀ ਮਰੇ, ਜਿਹਾ ਅਹਿਸਾਸ ਹੈ। ਤਪਦੇ ਮਾਰੂਥਲਾਂ ਤੇ ਕਿਣ ਮਿਣੀ ਦਾ ਧਰਵਾਸ ਹੈ। ਉਹ ਪੁਰਾਣੇ ਵਕਤਾਂ ਨੂੰ ਯਾਦ ਕਰਦਾ ਹੈ-

- ਦਿਲ ਦੇ ਸ਼ੌਕ ਇਕੱਠੇ ਹੋ ਕੇ ਕਿਉਂ ਘੱਤ ਗਏ ਵਹੀਰਾਂ।

ਕਿਹੜਾ ਮੈਨੂੰ ਭੇਜ ਰਿਹਾ ਹੈ ਨਿੱਤ ਨਵੀਆਂ ਤਸਵੀਰਾਂ।

ਜਨਕ ਦੇ ਕੁਝ ਹੋਰ ਸ਼ਿਅਰ ਜੋ ਹਥਲੀ ਪੁਸਤਕ ਨੂੰ ਚਾਰ-ਚੰਨ ਲਾਉਂਦੇ ਹਨ

- ਬੁਝਾਉਂਦੇ ਪਿਆਸ ਹਨ ਝਰਨੇ 'ਚੋਂ ਲੋਕੀਂ,
  ਉਹ ਘੁੱਟ ਸਬਰ ਦਾ ਭਰਕੇ ਸਾਰਦਾ ਹੈ।
- ਕਰਾਂ ਪੂਜਾ ਨਾ ਕਿਉਂ ਮੈਂ ਬੱਦਲਾਂ ਦੀ,
  ਹਰਿੱਕ ਬੱਦਲ ਹੀ ਧਰਤੀ ਠਾਰਦਾ ਹੈ।
- ਮੈਂ ਪਰਾਏ ਨ੍ਹੇਰਿਆਂ ਨੂੰ ਬਖਸ਼ਿਆ ਚਾਨਣ ਸਦਾ,
  ਲੋਕ ਪਰ ਮੇਰੇ ਘਰੋਂ ਚਾਨਣ ਚੁਰਾਉਂਦੇ ਹੀ ਰਹੇ।

- ਜੇ ਕਲਮ ਦਮਦਾਰ ਹੋਊ ਆਪ ਦੀ,
  ਖੁਦ-ਬ-ਖੁਦ ਹੀ ਮੂੰਹ ਮੁੜੂ ਤਲਵਾਰ ਦਾ।

ਕੁੱਲ ਮਿਲਾ ਕੇ ਜਨਕ ਦਾ ਇਹ ਹਥਲਾ ਸੰਗ੍ਰਹਿ ਪੜ੍ਹਣ ਅਤੇ ਮਾਨਣਯੋਗ ਹੈ। ਇਸ ਵਿੱਚੋਂ ਨਵੀਆਂ ਦਿਸ਼ਾਵਾਂ ਮਿਲਣ ਦੀ ਪੁਰਜ਼ੋਰ ਉਮੀਦ ਹੈ।

**ਡਾ: ਰਵਿੰਦਰ ਸਿੰਘ**
**ਲੈਕਚਰਾਰ ਪੰਜਾਬੀ, ਜੀ. ਜੀ. ਐਸ. ਐਸ. ਐਸ.**
**ਮਹਿਤਪੁਰ (ਜਲੰਧਰ), 94175-65383**

# ਮਿਰੇ ਜਜ਼ਬਾਤ-ਮਿਰੀ ਕਾਇਨਾਤ

ਸਮੂਹ ਲੋਕਾਈ ਦੇ ਮਨੋਭਾਵਾਂ, ਵਲਵਲਿਆਂ, ਅਕਾਂਖਿਆਵਾਂ ਅਤੇ ਦੁਸ਼ਵਾਰੀਆਂ ਨੂੰ ਆਪਣੇ ਅੰਦਾਜ਼ ਵਿੱਚ ਕਹਿਣਾ ਮੇਰੀ ਗ਼ਜ਼ਲ ਦਾ ਦਾਇਰਾ ਹੈ। ਕਦੇ-ਕਦੇ ਮੈਂ ਨਿੱਜ ਤੋਂ ਪਰ ਅਤੇ ਪਰ ਤੋਂ ਨਿੱਜ ਵਿੱਚ ਵੀ ਪਰਿਵਰਤਿਤ ਹੋ ਜਾਂਦਾ ਹਾਂ। ਇਹ ਮੈਥੋਂ ਅਚਨਚੇਤ ਵਾਪਰਦਾ ਹੈ। ਕਿਸੇ ਸੋਚੀ-ਸਮਝੀ ਵਿਉਂਤ ਕਰਕੇ ਨਹੀਂ। ਮੇਰੇ ਸ਼ਿਅਰਾਂ ਦੀ ਵਸਤੂ ਸਥਿਤੀ ਪਾਰਲੌਕਿਕ ਨਹੀਂ। ਇਹੋ ਮੰਜ਼ਿਰ, ਇਹੋ ਲੋਕ ਅਤੇ ਇਸੇ ਧਰਤੀ ਦੇ ਨਗਮੇ ਮੇਰੀਆਂ ਗ਼ਜ਼ਲਾਂ ਦੀ ਜਿੰਦਜਾਨ ਹਨ। ਜਿਵੇਂ ਇਸ ਦੁਨੀਆਂ ਵਿੱਚ ਦਿਨ-ਰਾਤ, ਦੁੱਖ-ਸੁੱਖ, ਖ਼ੁਸ਼ੀ-ਗ਼ਮੀ ਆਦਿ ਦਾ ਘਟਨਾਕ੍ਰਮ ਨਿਰੰਤਰ ਗਤੀਸ਼ੀਲ ਹੈ, ਉਹੋ ਜਿਹਾ ਕਾਵਿਕ ਵੇਰਵਾ ਇਨ੍ਹਾਂ ਗ਼ਜ਼ਲਾਂ ਵਿੱਚੋਂ ਮੇਰੇ ਪਾਠਕਾਂ ਨੂੰ ਮਹਿਸੂਸ ਹੋਵੇਗਾ।

ਜਨਕ ਰਾਜ ਜਨਕ

੪੦੯

ਉਛਲਦਾ ਦਿਲ ਮੇਰਾ ਕਿਉਂ ਰੋਜ਼ ਯਾਰੋ ਸਾਗਰਾਂ ਵਾਂਗੂੰ
ਜੋ ਲੋਅ ਵੰਡਦਾ ਸੀ ਰਹਿੰਦਾ ਟਿਮਟਿਮਾਉਂਦੇ ਤਾਰਿਆਂ ਵਾਂਗੂੰ

ਮਸਾਂ ਮਰ-ਮਰ ਕੇ ਪਾਇਆ ਆਲ੍ਹਣਾ ਇਸ ਰੁੱਖ 'ਤੇ ਪੰਛੀ ਨੇ
ਤੁਸੀਂ ਇਹ ਆਲ੍ਹਣਾ ਹੋ ਢਾਉਂਦੇ ਯਾਰੋ ਜਾਬਰਾਂ ਵਾਂਗੂੰ

ਤੇਰਾ ਘਰ ਸਾੜ ਨਾ ਸੁੱਟਣ ਕਿਤੇ ਇਹ ਬਿਜਲੀਆਂ ਮਿਲਕੇ
ਭਲਾ ਤੂੰ ਦੁਸ਼ਮਣਾਂ ਨੂੰ ਕਿਉਂ ਸਮਝਦੈਂ ਆਪਣਿਆਂ ਵਾਂਗੂੰ

ਨਾ ਦੀਪਕ ਕੋਲ ਹੈ ਤੇਰੇ ਨਾ ਉੱਕਾ ਤੇਲ ਹੈ ਘਰ ਵਿੱਚ
ਤੂੰ ਵੱਟੀ ਜਾ ਰਿਹਾ ਹੈਂ ਬੱਤੀਆਂ ਕਿਉਂ ਮੂਰਖਾਂ ਵਾਂਗੂੰ

ਮੈਂ ਜਿਹੜੇ ਰੁੱਖ 'ਤੇ ਜਿਧਰੇ ਵੀ ਕੋਈ ਸ਼ਿਅਰ ਲਿਖ ਦਿੱਤਾ
ਮਿਰਾ ਇਹ ਸ਼ਿਅਰ ਪੜ੍ਹ-ਪੜ੍ਹ ਲੋਕ ਚਮਕੇ ਸੂਰਜਾਂ ਵਾਂਗੂੰ

ਕਿਸੇ ਅਖ਼ਬਾਰ ਦੀ ਸੁਰਖੀ ਨਾ ਬਣ ਜਾਵਾਂ ਇਹ ਡਰ ਲਗਦੈ
ਤੇਰੇ ਰਾਹਾਂ 'ਚ ਫਿਰਦਾ ਮੈਂ ਭਟਕਦਾ ਪਾਗਲਾਂ ਵਾਂਗੂੰ

ੴ

ਹੀਰਿਆਂ ਨੂੰ ਛੱਡ ਕੇ ਕਿਉਂ ਕੰਕਰਾਂ ਵੱਲ ਜਾ ਰਿਹੈਂ
ਬੇਵਕੂਫਾ ਅਕਲ ਕਰ ਕਿਉਂ ਫੇਰ ਧੋਖਾ ਖਾ ਰਿਹੈਂ

ਤੂੰ ਭਲਾ ਉਪਦੇਸ਼ ਕੀ ਦੇਵੇਂਗਾ ਮੈਨੂੰ ਪੰਡਤਾ
ਮੁਫ਼ਤ ਦਾ ਜਦ ਮਾਲ ਵਿਹਲਾ ਬੈਠ ਕੇ ਖੁਦ ਖਾ ਰਿਹੈਂ

ਤੀਰ ਨਾ ਤਲਵਾਰ ਨਾ ਖ਼ੰਜਰ ਹੀ ਤੇਰੇ ਕੋਲ ਹੈ
ਕਰ ਰਿਹੈਂ ਦਾਅਵਾ ਤੂੰ ਦੁਸ਼ਮਣ ਨਾਲ ਜੂਝਣ ਜਾ ਰਿਹੈਂ

ਕਾਰੂੰ ਵਰਗੇ ਲਾਲਚੀ ਵੀ ਕਬਰ ਵਿੱਚ ਆਖ਼ਿਰ ਪਏ
ਖੁਦ ਨੂੰ ਫਿਰ ਪੈਸੇ ਦੇ ਚੱਕਰ ਵਿੱਚ ਤੂੰ ਕਿਉਂ ਉਲਝਾ ਰਿਹੈਂ

ਆਪਣਿਆਂ ਨੂੰ ਦੇਖ ਕੇ ਤੈਨੂੰ ਤਰੇਲੀ ਆ ਗਈ
ਗੀਤ ਪਰ ਬੇਗਾਨਿਆਂ ਦੇ ਰਾਤ-ਦਿਨ ਕਿਉਂ ਗਾ ਰਿਹੈਂ

ਦੀਵਾ ਰੱਖਿਆ ਮੈਂ ਬਨੇਰੇ ’ਤੇ ਕਿ ਭੁੱਲੇਂ ਤੂੰ ਨਾ ਘਰ
ਆਪਣਾ ਹੀ ਘਰ ਜਨਕ ਤੂੰ ਚਿਰ ਤੋਂ ਭੁਲਦਾ ਆ ਰਿਹੈਂ

ਨਜ਼ਰ ਆਉਂਦੀ ਉਹ ਮੈਨੂੰ ਜਗਮਗਾਉਂਦੀ ਰੌਸ਼ਨੀ ਕਿਉਂ ਨਈਂ
ਕਿਸੇ ਵੇਲੇ ਵੀ ਹਟਦੀ ਵਜ ਰਹੀ ਧੁੰਨ ਮਾਤਮੀ ਕਿਉਂ ਨਈਂ

ਤੂੰ ਆਪਣਾ ਆਪ ਹੀ ਹੁਣ ਭਾਲ ਇਸ ਦੁਨੀਆਂ ਦੇ ਜਮ ਘਟ 'ਚੋਂ
ਗੁਆਚੀ ਚੀਜ਼ ਇਸ ਜਮ ਘਟ 'ਚੋਂ ਫਿਰ ਲੱਭਦੀ ਕਿਉਂ ਨਈਂ

ਮੈਂ ਘੁੱਪ ਹਨ੍ਹੇਰੇ 'ਚ ਬੈਠਾ ਬੰਦ ਕਮਰੇ ਵਿੱਚ ਬੜੇ ਚਿਰ ਤੋਂ
ਹੈ ਬਾਹਰ ਧੁੱਪ ਜਾਂ ਛਾਂ ਮੈਨੂੰ ਇਹ ਅਹਿਸਾਸ ਹੀ ਕਿਉਂ ਨਈਂ

ਕਿਵੇਂ ਮੈਂ ਰੋਕ ਸਕਦਾ ਹਾਂ ਭਲਾ ਇਹ ਬੇਸੁਰਾ ਮੌਸਮ
ਕਿ ਇਸ ਮੌਸਮ ਦੀ ਹਾਣੀ ਬਣ ਸਕੀ ਇਹ ਜ਼ਿੰਦਗੀ ਕਿਉਂ ਨਈਂ

ਇਹ ਮੇਰਾ ਕੀਮਤੀ ਵਿਰਸਾ ਹੈ ਦੱਸੋ ਕੀ ਬਣੂੰ ਇਸ ਦਾ
ਸੰਭਾਲੇ ਇਸ ਨੂੰ ਮੈਨੂੰ ਕੋਈ ਦਿਸਦਾ ਆਦਮੀਂ ਕਿਉਂ ਨਈਂ

ਬੁਰਾ ਹੁੰਦੈ ਕੋਈ ਨਿਰਦੋਸ਼ ਬੰਦਾ ਕਤਲ ਕਰ ਦੇਣਾ
ਮਗਰ ਜੋ ਖੁਦਕੁਸ਼ੀ ਕਰਦੇ ਨੇ ਤਾਂ ਉਹ ਬੁਜ਼ਦਿਲੀ ਕਿਉਂ ਨਈਂ

ੴ

ਮੇਰੇ ਰਸਤੇ 'ਚ ਦੇਖੋ ਅੱਗ ਦਾ ਦਰਿਆ ਵੀ ਵਗਦਾ ਹੈ
ਮਗਰ ਫਿਰ ਵੀ ਮੇਰਾ ਉਸ ਪਾਰ ਪਹੁੰਚਣ ਦਾ ਇਰਾਦਾ ਹੈ

ਉਹ ਆਪਣੀ ਜ਼ਿੰਦਗੀ ਵਿੱਚ ਕੁਝ ਵੀ ਹਾਸਲ ਨਹੀਂ ਕਰਦਾ
ਇਰਾਦਾ ਜਿਸ ਦਾ ਡਾਵਾਂ ਡੋਲ ਹੈ ਮੁੜ-ਮੁੜ ਬਦਲਦਾ ਹੈ

ਤੁਸੀਂ ਹਰ ਚੜ੍ਹਦੇ ਸੂਰਜ ਨੂੰ ਸਲਾਮਾਂ ਕਰਨ ਵਾਲੇ ਹੋ
ਮਗਰ ਚੜ੍ਹਦਾ ਹੈ ਜੋ ਸੂਰਜ ਉਹ ਆਖਿਰ ਕਾਰ ਡੁਬਦਾ ਹੈ

ਹੈ ਬਾਰਿਸ਼ ਤੇਜ਼, ਵਗਦੀ ਹੈ ਹਵਾ, ਪੈਂਦੇ ਗੜੇ ਵੀ ਹਨ
ਇਹ ਪਾਗਲ ਕੌਣ ਹੈ ਜੋ ਕੱਚ ਦੇ ਬਸਤਰ ਪਾਈ ਫਿਰਦਾ ਹੈ

ਬਚਣ ਲਈ ਧੁੱਪ ਤੋਂ ਪੰਛੀ ਨਾ ਖੋੜਾਂ 'ਚੋਂ ਨਿਕਲਦੇ ਹਨ
ਅਜ਼ਬ ਇਹ ਸ਼ਖ਼ਸ ਹੈ ਜੋ ਨੰਗੇ ਪੈਰੀਂ ਤੁਰਿਆ ਜਾਂਦਾ ਹੈ

ਅਚਾਨਕ ਬੋਦੀ ਵਾਲਾ ਤਾਰਾ ਤਕ ਕੇ ਆਖਿਆ ਲੋਕਾਂ
ਖੁਦਾ ਰੱਖੇ, ਬੜਾ ਭੈੜਾ ਸਮਾਂ ਨਜ਼ਦੀਕ ਦਿਸਦਾ ਹੈ

ਮੇਰੇ ਹਾਸੇ ਨਾਲ ਗਿੱਧਾ ਗੈਰ ਵੀ ਪਾਉਂਦੇ ਰਹੇ ਹਨ
ਕੁਝ ਤਾਂ ਮੇਰਾ ਚਿਹਰਾ ਪੜ੍ਹ ਕੇ ਥਾਲੀ ਖੜਕਾਉਂਦੇ ਰਹੇ ਹਨ

ਕਾਲੀਆਂ ਰੁੱਤਾਂ ਨੂੰ ਆਖੋ ਆਉਣ ਨਾ ਧਰਤੀ 'ਤੇ ਮੁੜ-ਮੁੜ
ਕਾਲੇ ਮੌਸਮ ਕਾਲੀਆਂ ਕਰਤੂਤਾਂ ਬਿਖਰਾਉਂਦੇ ਰਹੇ ਹਨ

ਹਨ੍ਹੇਰਿਆਂ ਨੂੰ ਠੋਕਰਾਂ ਮਾਰੋ, ਕਰੋ ਹਰ ਘਰ ਨੂੰ ਰੌਸ਼ਨ
ਇਹ ਹਨ੍ਹੇਰੇ ਜਾਲ ਸਭ ਦੇ ਰਾਹ 'ਚ ਬਿਖਰਾਉਂਦੇ ਰਹੇ ਹਨ

ਵੱਜਣੇ ਮੁੜ ਮੁੜ ਕੇ ਕਦ ਹਨ ਸਾਜ਼ ਮੇਰੀ ਜ਼ਿੰਦਗੀ ਦੇ
ਟੁੱਟਿਆਂ ਸਾਜ਼ਾਂ ਨੂੰ ਲੋਕੀਂ ਦੂਰ ਸੁੱਟ ਆਉਂਦੇ ਰਹੇ ਹਨ

ਜਿਨ੍ਹਾਂ ਦੇ ਘਰ ਮੈਂ ਬਣਾਏ ਉਮਰ ਆਪਣੀ ਸਾਰੀ ਲਾ ਕੇ
ਓਹੀ ਮੇਰੇ ਯਾਰ ਮੇਰਾ ਰੋਜ਼ ਘਰ ਢਾਉਂਦੇ ਰਹੇ ਹਨ

ੴ

ਲੋਕ ਨੰਗਾ ਨਾਚ ਨੱਚਣ ਖੁਸ਼ ਜ਼ਮਾਨਾ ਹੋ ਰਿਹਾ ਹੈ
ਵੇਖ ਕੇ ਇਹ ਹਾਲ, ਮੇਰਾ ਦਿਲ ਨਿਮਾਣਾ ਰੋ ਰਿਹਾ ਹੈ

ਜਿਨ੍ਹਾਂ ਦੇ ਬੋਲਾਂ 'ਚ ਮਿੱਠਤ ਸੀ ਕਦੀ ਮਿਸ਼ਰੀ ਤੋਂ ਬਹੁਤੀ
ਉਹਨਾਂ ਦੇ ਬੋਲਾਂ 'ਚੋਂ ਕਾਹਤੋਂ ਜ਼ਹਿਰ ਅੱਜ-ਕੱਲ੍ਹ ਚੋ ਰਿਹਾ ਹੈ

ਦੁਸ਼ਮਣਾਂ ਗੁਲਸ਼ਨ 'ਚ ਬਹਿ ਕੇ ਗੀਤ ਬੰਬਾਂ ਦੇ ਨਾ ਗਾ ਨਿਤ
ਇਹ ਜ਼ਮਾਨਾ ਚਿਰ ਤੋਂ ਬੰਬਾਂ ਵਾਲਿਆਂ ਨੂੰ ਰੋ ਰਿਹਾ ਹੈ

ਇਹਨਾਂ ਰੱਬ ਦੇ ਬੰਦਿਆਂ ਦੀ ਜਾਨ ਦਾ ਲਾਗੂ ਹੈ ਕਿਹੜਾ
ਜ਼ਹਿਰ ਦੇ ਇਹ ਬੀਜ ਫਿਰ ਖੇਤਾਂ 'ਚ ਕਿਹੜਾ ਬੋ ਰਿਹਾ ਹੈ

ਐਨਾ ਗੁੱਸਾ ਆ ਗਿਆ ਕਿੱਥੋਂ ਇਨ੍ਹਾਂ ਲੋਕਾਂ ਦੇ ਅੰਦਰ
ਜਿਸ ਨੂੰ ਵੇਖੋ ਖ਼ੂਨ ਅੱਜ ਓਸੇ ਦੀ ਅੱਖ 'ਚੋਂ ਚੋ ਰਿਹਾ ਹੈ

ਆਲ੍ਹਣੇ ਵਿੱਚ ਬੋਟ ਕੰਬਣ ਘਰ 'ਚ ਡਰਦੇ ਹਨ ਨਿਆਣੇ
ਬਿਜਲੀ ਦਾ ਕੜਕਾਣ ਸੁਣ ਹਰ ਸ਼ਖ਼ਸ ਬੂਹਾ ਢੋ ਰਿਹਾ ਹੈ

ੴ

ਚੁਭੇ ਹਨ ਫੁੱਲ ਵੀ ਅਕਸਰ ਉਨ੍ਹਾਂ ਨੂੰ ਕੰਡਿਆਂ ਵਾਂਗੂੰ
ਹਵਾਲਾਤਾਂ ਵੀ ਉਹਨਾਂ ਨੇ ਬਣਾ ਲਈਆਂ ਘਰਾਂ ਵਾਂਗੂੰ

ਤੁਸੀਂ ਚਾਹੇ ਮਖੌਟਾ ਪਹਿਣ ਕੇ ਰੱਖੋ ਸ਼ਰਾਫਤ ਦਾ
ਜ਼ਮਾਨਾ ਚਾਲ ਥੋਡੀ ਜਾਣ ਸਕਦੈ ਖੋਜੀਆਂ ਵਾਂਗੂੰ

ਛੁਪਾ ਕੇ ਆਪਣੀ ਬੁੱਕਲ ਵਿੱਚ ਛੁਰੇ, ਫਿਰਦੇ ਕਸਾਈ ਹਨ
ਮਗਰ ਦਿਸਦੇ ਨੇ ਲੋਕਾਂ ਨੂੰ ਉਹ ਸਾਧੂ ਪੰਡਤਾਂ ਵਾਂਗੂੰ

ਖਿੰਡਾਓ ਕਿੰਨੀਆਂ ਸੂਲਾਂ ਮੇਰੇ ਰਸਤੇ ’ਚ ਐ ਯਾਰੋ
ਮਗਰ ਮੈਂ ਬੇਝਿਜ਼ਕ ਲੰਘਾਂਗਾ ਉਸ ’ਤੇ ਹਾਥੀਆਂ ਵਾਂਗੂੰ

ਬੜੀ ਉਮੀਦ ਸੀ ਉਹ ਆਉਣਗੇ ਬੈਠਾਂਗੇ ਝੱਟ ਮਿਲ ਕੇ
ਮਗਰ ਉਹ ਲੰਘ ਗਏ ਕੋਲੋਂ ਦੀ ’ਵਾ ਦੇ ਬੁੱਲ੍ਹਿਆਂ ਵਾਂਗੂੰ

ਕਿਸੇ ਨੇ ਤੇਲ ਪਾਇਆ ਹੋਣੈ ਮਚਦੀ ਅੱਗ ’ਤੇ ਸ਼ਾਇਦ
ਤਦੇ ਤਾਂ ਅੱਗ ਬਲਦੀ ਜਾਪਦੀ ਹੈ ਭਾਂਬੜਾਂ ਵਾਂਗੂੰ

ਗਿਲਾ ਤਾਂ ਬਹੁਤ ਹੈ ਮੈਨੂੰ ਮੈਂ ਦੱਸੋ ਕੀ ਕਰਾਂ ਯਾਰੋ
ਮਗਰ ਇਹ ਦਿਲ ਨਾ ਦੇਵੇ ਸਾਥ ਮੇਰਾ ਦੋਸਤਾਂ ਵਾਂਗੂੰ

ੴ

ਤੇਰੇ ਸ਼ਹਿਰ ’ਚ ਹੋਣੇ ਭਾਵੇਂ ਫੁੱਲ ਨੇ ਰੰਗ-ਬਰੰਗੇ
ਸਾਡੇ ਪਿੰਡ ’ਚ ਮੱਖਣ ਲੱਸੀ ਸਾਗ ਸਰ੍ਹੋਂ ਦਾ ਗੰਨੇ

ਮਹਾਂਨਗਰ ਵਿੱਚ ਰਹਿਨੈਂ ਚਾਹੇ ਪਰ ਪ੍ਰਦੂਸ਼ਣ ਉਥੇ
ਮੇਰੇ ਪਿੰਡ ’ਚ ਵਗਦੇ ਤਕ ਲੈ ਠੰਡੀ ’ਵਾ ਦੇ ਬੁੱਲ੍ਹੇ

ਸ਼ਹਿਰਾਂ ਦੇ ਵਿੱਚ ਤੱਕੀ ਨਾਰੀ ਅੱਧੇ ਕੱਪੜੇ ਪਾਉਂਦੀ
ਮੇਰੇ ਪਿੰਡ ’ਚ ਹਰ ਨਾਰੀ ਹੀ ਮੁਖ ’ਤੇ ਪੱਲਾ ਰੱਖੇ

ਸ਼ਰਮ ਹਯਾ ਹੁਣ ਕਿੱਥੇ ਰਹਿ ਗਈ ਕੋਸੇ ਪਿਉ ਨੂੰ ਪੁੱਤਰ
ਬਾਪੂ ਵੀ ਹੁਣ ਬੁੱਢਾ ਹੋਇਆ ਆਪਣੀ ਦਾੜ੍ਹੀ ਰੰਗੇ

ਸ਼ੀਸ਼ੇ ਦੇ ਵਿੱਚ ਜਦ ਮੈਂ ਤੱਕਿਆ ਆਪਣਾ ਚਿਹਰਾ ਖੁਦ ਹੀ
ਆਪਣਾ ਚਿਹਰਾ ਮੈਨੂੰ ਕਾਹਤੋਂ ਅੱਜ ਬਿਗਾਨਾ ਲੱਗੇ

ਸੱਚੇ ਦਿਲੋਂ ਜੇ ਰੱਬ ਤੋਂ ਮੰਗੇ ਮੇਰੇ ਲਈ ਦੁਆ ਯਾਰਾ
ਮੈਨੂੰ ਪਤੈ ਟਾਲ ਨਈਂ ਸਕਦਾ ਤੇਰੀ ਬਾਤ ਖ਼ੁਦਾ ਯਾਰਾ

ਰੰਗਾਂ ਅਤੇ ਤਿੱਤਲੀਆਂ ਦੀ ਜਾਂ ਫੁੱਲਾਂ ਦੀ ਜਦ ਬਾਤ ਕਰਾਂ
ਘੇਰਾ ਪਾ ਲੈਂਦੀ ਹੈ ਮੈਨੂੰ ਗ਼ਮ ਦੀ ਗਰਮ ਹਵਾ ਯਾਰਾ

ਹਰ ਚਿਹਰਾ ਹੀ ਨਜ਼ਰੀਂ ਆਉਂਦੈ ਧੁੰਦਲਾ ਅਤੇ ਉਦਾਸ ਜਿਹਾ
ਹਰ ਦੁਖੀਏ ਦਾ ਇਹ ਦਿਲ ਚਾਹੇ ਹਰ ਇਕ ਵਕਤ ਭਲਾ ਯਾਰਾ

ਅਸੀਂ ਤਾਂ ਆਪਣੀ ਜਾਨ ਹੀਲ ਕੇ ਅੰਗਿਆਰਾਂ ’ਤੇ ਚੱਲੇ ਹਾਂ
ਮਗਰ ਮਸੀਹਾ ਹੈਂ ਤਾਂ ਕਰ ਤੂੰ ਪੈਰਾਂ ਲਈ ਦੁਆ ਯਾਰਾ

ਦਿਲ ਦੇ ਦੁੱਖ ਬੜੇ ਮੈਂ ਦੱਸੇ ਜ਼ਖ਼ਮ ਦਿਖਾਏ ਸੀਨੇ ਦੇ
ਫਿਰ ਵੀ ਇਹ ਪੱਥਰ ਦਿਲ ਤੇਰਾ ਅੱਜ ਤੱਕ ਨਹੀਂ ਪਿਘਲਿਆ ਯਾਰਾ

ਮੇਰੇ ਘਰੇ ਹਨ੍ਹੇਰਾ ਰੱਖਿਆ ਜਾਣ ਬੁਝ ਕੇ ਭਾਵੇਂ ਤੂੰ
ਅਸੀਂ ਵੀ ਆਪਣੇ ਦਿਲ ਦਾ ਦੀਵਾ ਘਰ ਵਿੱਚ ਲਿਆ ਜਗਾ ਯਾਰਾ

ਰੋਜ਼ ਰਾਤ ਨੂੰ ਲੈਂਦੇ ਲੋਕੀਂ ਸੁਪਨੇ ਵੰਨ-ਸਵੰਨੇ
ਦਿਨ ਚੜ੍ਹਦੇ ਹੀ ਫਿਕਰਾਂ ਦੇ ਵਿੱਚ ਡੁਬ ਜਾਂਦੇ ਨੇ ਬੰਦੇ

ਦੋ ਡੰਗਾਂ ਦੀ ਰੋਟੀ ਖਾਤਰ ਬੰਦਾ ਕੀ-ਕੀ ਕਰਦੈ
ਇਹਨਾਂ ਲੋਕਾਂ ਦੇ ਸਭ ਸੁਪਨੇ ਰਹਿ ਜਾਂਦੇ ਅਧਵਾਟੇ

ਸੁਰਖੀ ਬਿੰਦੀ ਪੋਡਰ ਅਤੇ ਕਰੀਮਾਂ ਦੀ ਗੱਲ ਇੱਕ ਪਾਸੇ
ਧੋ ਕੇ ਕੱਪੜੇ ਮਾਂਜ ਕੇ ਭਾਂਡੇ ਦੋ ਛਿੱਲੜ ਨੇ ਜੁੜਦੇ

ਫੈਸ਼ਨ ਦਾ ਇਹ ਦੌਰ ਭਰਾਵੋ ਹੱਦਾਂ ਟੱਪੀ ਜਾਂਦੈ
ਔਰਤ ਕੱਪੜੇ ਪਾਉਂਦੀ ਦੇਖੋ ਤਨ ’ਤੇ ਅੱਧ-ਪਚੱਧੇ

ਅੱਖਾਂ ਦੇ ਵਿੱਚ ਘੱਟਾ ਪਾ ਕੇ ਹੋਏ ਉਹ ਪਰਦੇਸੀ
ਬਾਗ ਮੇਰੇ ਦੇ ਸਾਰੇ ਬੂਟੇ ਤਾਂ ਹੀ ਅੱਜ ਕੁਮਲਾਏ

ਸੁਪਨੇ ਵਿੱਚ ਇੱਕ ਝਰਮਟ ਬਣ ਕੇ ਜੁੜਦੀ ਭੀੜ-ਚੁਫੇਰੇ
ਇਸ ਭੀੜ ’ਚ ਮੈਨੂੰ ਨਾ ਕੋਈ ਆਪਣਾ ਬੰਦਾ ਜਾਪੇ

ਗਮਲੇ ਦੇ ਵਿੱਚ ਕਿੱਦਾਂ ਉੱਗੂ ਕਣਕ ਰੋਟੀਆਂ ਖਾਤਰ
ਸਾਰੀ ਧਰਤੀ ਉੱਤੇ ਬੰਦਿਆਂ ਆਪਣੇ ਘਰ ਬਣਵਾਏ

ਲਾਵਾ ਹੈ ਉੱਗਲਦੈ ਜਿਵੇਂ ਉਹ ਬਾਤ ਕਰ ਰਿਹਾ ਹੈ
ਕਣ-ਕਣ ਦੇ ਵਿੱਚ ਕੁੜੱਤਣ ਬੰਦਾ ਉਹ ਭਰ ਰਿਹਾ ਹੈ

ਸੜਦਾ ਹੈ ਮੇਰਾ ਲੂੰ-ਲੂੰ ਰੰਗੀਨ ਰੁੱਤ ’ਚ ਦੇਖੋ
ਮੇਰੇ ’ਤੇ ਜ਼ੁਲਮ ਕਿੰਨਾ ਆਸਮਾਨ ਕਰ ਰਿਹਾ ਹੈ

ਜੇ ਤੂੰ ਬੁਰਾ ਨਾ ਮੰਨੇ ਸੱਚ ਆਖਾਂ ਤੇਰੇ ਮੂੰਹ ’ਤੇ
ਤੇਰੀ ਨਰਾਜ਼ਗੀ ਤੋਂ ਦਿਲ ਮੇਰਾ ਡਰ ਰਿਹਾ ਹੈ

ਰਾਂਝੇ ਨੇ ਕੰਨ ਪਾਟੇ ਫਰਹਾਦ ਚੀਰੇ ਪਰਬਤ
ਇਹ ਇਸ਼ਕ ਇੱਕ ਬਲਾ ਹੈ ਮੌਤੋਂ ਨਾ ਡਰ ਰਿਹਾ ਹੈ

ਇਹ ਨਾ ਗ਼ਜ਼ਲ ਹੈ ਕੋਈ ਨਾ ਗੀਤ ਹੈ ਨਾ ਕਵਿਤਾ
ਸ਼ਿਅਰਾਂ ’ਚ ਮੇਰੇ ਦਿਲ ਦਾ ਅੱਜ ਖ਼ੂਨ ਭਰ ਰਿਹਾ ਹੈ

ਲੋਕਾਂ ਨੂੰ ਖੰਡ ਕਹਿ ਕੇ ਉਹ ਜ਼ਹਿਰ ਵੇਚਦੇ ਨੇ
ਜ਼ਾਲਮ ਜ਼ਮਾਨਾ ਕਿੰਨਾ ਇਹ ਪਾਪ ਕਰ ਰਿਹਾ ਹੈ

ਦੀਵਾਰ ਵਿੱਚ ਚਿਣੋਂ ਜਾਂ ਸੂਲੀ ’ਤੇ ਮੈਨੂੰ ਚਾੜ੍ਹੋ
ਜੇਕਰ ਮੇਰਾ ਇਹ ਜੀਣਾ ਥੋਨੂੰ ਅਖਰ ਰਿਹਾ ਹੈ

ਸਿਖਰ ਦੁਪਹਿਰਾ ਡਰਿਆ-ਡਰਿਆ ਲਗਦਾ ਹੈ
ਮੀਂਹ ਕੁਝ ਖ਼ੂਨੀ ਏਥੇ ਵਰ੍ਹਿਆ ਲਗਦਾ ਹੈ

ਜੋ ਇਹ ਲਾਸ਼ ਚਿਰਾਂ ਦੀ ਰੁਲਦੀ ਫਿਰਦੀ ਏ
ਮੈਨੂੰ ਤਾਂ ਕੋਈ ਸ਼ਾਇਰ ਮਰਿਆ ਲਗਦਾ ਹੈ

ਛਣ-ਛਣ ਹੈ ਇਹ ਤੀਰਾਂ ਤੇ ਤਲਵਾਰਾਂ ਦੀ
ਸਿਆਸਤਦਾਨਾਂ ਇਹ ਸਭ ਕਰਿਆ ਲਗਦਾ ਹੈ

ਹਰ ਕੋਈ ਹੀ ਆਪਣੀ-ਆਪਣੀ ਪਾਉਂਦੈ ਬਾਤ
ਲੋਕਾਂ ਦਾ ਬਸ ਮੈਨੂੰ ਸਰਿਆ ਲਗਦਾ ਹੈ

ਮੇਰੇ ਰਾਹ ਵਿੱਚ ਚਾਨਣ ਕਿਸ ਨੇ ਕੀਤਾ ਏ
ਕਾਲੀ ਰਾਤ ’ਚ ਦੀਵਾ ਧਰਿਆ ਲਗਦਾ ਹੈ

ਦਿਲ ’ਚੋਂ ਸੁਪਨੇ ਹਾਲੇ ਕਿਧਰੇ ਭਟਕੇ ਨਈਂ
ਮੇਰਾ ਅੱਜ-ਕਲ੍ਹ ਮਸਤਕ ਠਰਿਆ ਲਗਦਾ ਹੈ

ਮੈਨੂੰ ਕਿਸ ਨੇ ਪੁੱਛਣਾ ਸੀ ਇਸ ਦੁਨੀਆਂ ਵਿੱਚ
ਲੱਕੜ ਦੇ ਸੰਗ ਲੋਹਾ ਤਰਿਆ ਲਗਦਾ ਹੈ

ਭੁਲੇਖਾ ਹੈ ਕਿ ਆਪਣਾ ਪੈਰ ਮੈਂ ਪਿੱਛੇ ਹਟਾ ਲਾਂਗਾ
ਤੂੰ ਹੋਵੇਂ ਨਾਲ ਜੇ ਮੇਰੇ ਤਾਂ ਫਿਰ ਮੰਜ਼ਿਲ ਮੈਂ ਪਾ ਲਾਂਗਾ

ਹੈ ਮੇਰੀ ਸੇਜ਼ ਕੰਡਿਆਂ ਦੀ ਤੂੰ ਸੌਂ ਫੁੱਲਾਂ ਦੇ ਬਿਸਤਰ ’ਤੇ
ਮੈਂ ਇਹਨਾਂ ਕੰਡਿਆਂ ਉੱਤੇ ਹੀ ਰਾਤ ਆਪਣੀ ਬਿਤਾ ਲਾਂਗਾ

ਕਿਤੇ ਫੁੱਲਾਂ ਤੇ ਜੇ ਬੈਠੇ ਮੇਰੇ ਸਾਹਮਣੇ ਕੋਈ ਤਿਤਲੀ
ਮੈਂ ਉਸ ਦਾ ਲੁਤਫ਼ ਮਾਣਾਂਗਾ ਅਤੇ ਕੁਝ ਗ਼ਮ ਘਟਾ ਲਾਂਗਾ

ਨਦੀ ਹੀ ਹੋਵੇ ਤ੍ਰਿਹਾਈ ਤਾਂ ਹੈਰਾਨੀ ਨਹੀਂ ਯਾਰੋ ?
ਨਜ਼ਰ ਆਵੇ ਜੇ ਇਹ ਮੰਜ਼ਰ ਮੈਂ ਗ਼ਮ ਦੇ ਗੀਤ ਗਾ ਲਾਂਗਾ

ਹਰੇਕ ਦਿਲ ਵਿੱਚ ਉਦਾਸੀ ਹੈ ਹਰੇਕ ਚਿਹਰਾ ਹੀ ਪੀਲਾ ਹੈ
ਨਵਾਂ ਪੈਗ਼ਾਮ ਦੇ ਕੇ ਮੈਂ ਹਰਿਕ ਤਾਂਈ ਹਸਾ ਲਾਂਗਾ

ਮੇਰੇ ਹੱਥਾਂ ਦੀ ਰੇਖਾ ਹੀ ਹੈ ਤਾਹਨੇ ਮਾਰਦੀ ਮੈਨੂੰ
ਮੈਂ ਇਹ ਤਾਹਨੇ ਸਹਾਰਾਂਗਾ ਨਵੇਂ ਜਜ਼ਬੇ ਜਗਾ ਲਾਂਗਾ

## ੯੦੩

ਪੰਛੀ ਭੁੱਖੇ ਪਿਆਸੇ ਪਰਤ ਆਏ ਨੇ ਘਰਾਂ ਨੂੰ
ਉਨ੍ਹਾਂ ਤੱਕੇ ਨੇ ਲੱਗੇ ਜਿੰਦਰੇ ਤੇਰੇ ਦਰਾਂ ਨੂੰ

ਕਹਾਂ ਥੋਨੂੰ, ਕਹਾਂ ਨਿੱਤ ਹੀ ਕਹਾਂ ਅੱਜ ਫੇਰ ਮੁੜ-ਮੁੜ
ਤੁਸੀਂ ਕਾਹਤੋਂ ਸੁਣਾਉਂਦੇ ਬਾਤ ਹੋ ਨਿੱਤ ਪੱਥਰਾਂ ਨੂੰ

ਤੁਸੀਂ ਮਾਯੂਸ ਬੈਠੇ ਕਾਸਤੋਂ ਦੱਸੋ ਜਰਾ ਤਾਂ
ਪੰਛੀਓ ਹੋ ਗਿਆ ਕੀ ਥੋਡਿਆਂ ਕੋਮਲ ਪਰਾਂ ਨੂੰ

ਗਰੀਬਾਂ ਦੇ ਘਰਾਂ ਵੱਲ ਵੀ ਤੂੰ ਤੱਕ ਇੱਕ ਵਾਰ ਯਾਰਾ
ਤੂੰ ਲਿੱਪੀ ਜਾ ਰਿਹਾ ਹੈਂ ਰਾਤ-ਦਿਨ ਹੀ ਮੰਦਿਰਾਂ ਨੂੰ

ਮੈਂ ਦੇਖੀ ਜਾ ਰਿਹੈਂ ਰਸਤਾ ਉਨ੍ਹਾਂ ਦੇ ਆਉਣ ਤੀਕਰ
ਪਰਤ ਆਊ ਉਹੋ ਰਹਿਬਰ ਕਦੇ ਆਪਣੇ ਘਰਾਂ ਨੂੰ

ਵਜਾਹ ਕੀ ਹੈ ਕਿ ਭੰਡਦੇ ਪਿਆਰ ਨੂੰ ਕਾਹਤੋਂ ਤੁਸੀਂ ਨਿੱਤ
ਵਜਾਹ ਕੀ ਹੈ ਕਿ ਪੂਜੀ ਜਾ ਰਹੇ ਹੋ ਠਾਕਰਾਂ ਨੂੰ

ਓਅ

ਇਹਨਾਂ ਜੰਗਲਾਂ 'ਚੋਂ ਕੱਟ ਦੇਣੇ ਹਨ ਸਰਕੜੇ
ਫੇਰ ਜੰਗਲ 'ਚ ਮੰਗਲ ਬਣਾਉਣੇ ਅਸੀਂ
ਨਾਚ ਕਰਨੈ ਬਹਾਰਾਂ ਨੇ ਖੇਤਾਂ ਦੇ ਵਿੱਚ
ਭੰਗੜੇ ਫੇਰ ਮਸਤੀ 'ਚ ਪਾਉਣੇ ਅਸੀਂ

ਅੰਬਾਂ ਦੇ ਬੂਟਿਆਂ ਨੂੰ ਪਊ ਬੂਰ ਨਾ
ਚੰਦਰੀ ਰੁੱਤ ਨੂੰ ਜੇ ਠੀਕ ਨਾ ਕਰ ਸਕੇ
ਇਹ ਅਸੀਂ ਜਾਣਦੇ ਹਾਂ, ਇਹ ਸਾਨੂੰ ਪਤੈ,
ਬਾਗ ਸੁੱਕੇ ਕਿਵੇਂ ਲਹਿਰਾਉਣੇ ਅਸੀਂ

ਘਰ ਦੇ ਪਹਿਰੂ ਬਣਾ ਦੇਈਏ ਚੋਰਾਂ ਨੂੰ ਜੇ,
ਫਿਰ ਇਹ ਦੱਸੋ ਕਿ ਉਹ ਘਰ ਕਿਵੇਂ ਬਚ ਸਕੂ
ਦੁਸ਼ਮਣਾਂ ਨੂੰ ਛੁਰੇ ਜੇ ਫੜਾ ਦੇਈਏ ਖੁਦ
ਇਹ ਸਮਝ ਲਉ ਹਾਂ ਕੁਝ ਪਲ ਦੇ ਪ੍ਰਾਹੁਣੇ ਅਸੀਂ

ਇਸ ਹਨ੍ਹੇਰੀ ਨੇ ਥੰਮ ਜਾਣਾ ਹੈ ਲਾਜ਼ਮੀ
ਰੁੱਖ ਹਵਾ ਦਾ ਬਦਲ ਜਾਣਾ ਹੈ ਦੋਸਤੋ
ਸੁਖ ਦਾ ਸਾਹ ਫੇਰ ਹੀ ਲੋਕਾਂ ਨੂੰ ਆਊਗਾ
ਫੇਰ ਘਰ-ਘਰ ਹੈ ਦੀਵੇ ਜਗਾਉਣੇ ਅਸੀਂ

ਆਪਣੀ ਆਵਾਜ਼ ਮੈਂ ਬੰਦ ਜੇ ਕਰ ਲਈ
ਫਿਰ ਤਾਂ ਖੁੱਲ੍ਹ ਮਿਲ ਜਾਊਗੀ ਜ਼ਾਲਮ ਨੂੰ ਵੀ
ਲੋਕ ਏਸੇ ਤਰ੍ਹਾਂ ਹੀ ਜੇ ਸੁੱਤੇ ਰਹੇ
ਕਿਸ ਤਰ੍ਹਾਂ ਫੇਰ ਜ਼ਾਲਮ ਭਜਾਉਣੇ ਅਸੀਂ

ਜ਼ਿੰਦਗੀ ਆਪਣੀ ਉਡਦੇ ਪੰਛੀ ਤਰ੍ਹਾਂ
ਕੀ ਪਤੈ ਇਹ ਉਡਾਰੀ ਕਦੋਂ ਮਾਰ ਜੇ
ਤਾਂ ਹੀ ਝੁੱਗੀ ਬਣਾ ਕੇ ਗੁਜ਼ਰ ਕਰ ਲਈ
ਕਿਸ ਲਈ ਫੇਰ ਬੰਗਲੇ ਨੇ ਪਾਉਣੇ ਅਸੀਂ

ੴ

ਅਮਨ ਦੇ ਮਾਹੌਲ ਅੰਦਰ ਦਹਿਸ਼ਤਾਂ ਨੂੰ ਨਾ ਬੁਲਾਓ
ਅਮਨ ਦੇ ਮਾਹੌਲ ਅੰਦਰ ਅਮਨ ਦੇ ਹੀ ਗੀਤ ਗਾਓ

ਅਮਨ ਰੱਖੋ ਅਮਨ ਸੱਦੋ ਅਮਨ ਮਾਣੋ ਅਮਨ ਚਾਹੋ
ਅਮਨ ਦੀ ਦੁਨੀਆਂ ਦੇ ਅੰਦਰ ਨਫ਼ਰਤਾਂ ਨੂੰ ਨਾ ਬੁਲਾਓ

ਜੇ ਤੁਹਾਨੂੰ ਮਾਣ ਹੈ ਕੁਝ ਆਪਣਿਆਂ ਕਦਮਾਂ ਦੇ ਉੱਤੇ
ਫੇਰ ਮੰਜ਼ਿਲ ਆਪਣੀ ਵੱਲ ਤੁਰਦੇ ਜਾਓ ਤੁਰਦੇ ਜਾਓ

ਖ਼ਾਕ ਛਾਣੀ ਜਾ ਰਹੇ ਹੋ ਮੁਰਦਿਆਂ ਦੀ ਕਾਸਤੋਂ ਨਿੱਤ
ਜੇ ਸੁਣੋਂ ਤਾਂ ਮੁਰਦਿਆਂ ਦੀ ਮਿੱਟੀ ਚੁੱਕ-ਚੁੱਕ ਨਾ ਉਡਾਓ

ਆਪਣੇ ਲਈ ਸਾਰੇ ਬੰਦੇ ਵੇਲਦੇ ਪਾਪੜ ਨੇ ਨਿੱਤ ਹੀ
ਹੋਵੇ ਚੰਗਾ ਹੋਰ ਦੀ ਖ਼ਾਤਰ ਵੀ ਕੁਝ ਤਾਂ ਕਰਕੇ ਜਾਓ

ਕੌਣ ਸੁਣਦੈ ਅਰਜ਼ ਮੇਰੀ ਸ਼ਹਿਰ ਇਸ ਤੇਰੇ ਦੇ ਅੰਦਰ
ਦੇਖ ਕੇ ਹਾਲਾਤ ਮੇਰਾ ਕੁਝ ਤਾਂ ਰੱਬ ਦਾ ਖ਼ੌਫ ਖਾਓ

ਅੱਜ ਕੱਲ੍ਹ ਨਿਮਾਣੇ ਮਾਲੀ ਕਲੀਆਂ ਜਲਾ ਰਹੇ ਨੇ
ਪਾਗ਼ਲ ਇਹ ਲੋਕ ਦੇਖੋ ਅੱਗ ਵਿੱਚ ਨਹਾ ਰਹੇ ਨੇ

ਕਿੱਦੇਂ ਦਾ ਉਠ ਗਿਆ ਉਹ ਇਸ ਸਰ ਜ਼ਮੀਨ ਉੱਤੋਂ
ਇਹ ਲੋਕ ਜਿਸ ਦੇ ਰਾਹੀਂ ਕਲੀਆਂ ਵਿਛਾ ਰਹੇ ਨੇ

ਰੋ-ਰੋ ਕੇ ਯਾਰ ਮੇਰੇ ਹੌਲਾ ਕਿਉਂ ਹੋ ਰਿਹਾ ਏਂ
ਉਹ ਵੀ ਨੇ ਬੰਦੇ ਜਿਹੜੇ ਸਦਮੇ ਹੰਢਾ ਰਹੇ ਨੇ

ਮਿੱਟੀ 'ਚ ਰੋਲ ਨਾ ਤੂੰ ਹੀਰਾ ਇਹ ਕੀਮਤੀ ਹੈ
ਮੂੰਹ ਮੰਗੇ ਦਾਮ ਜਿਸ ਦੇ ਜੌਹਰੀ ਚੁਕਾ ਰਹੇ ਨੇ

ਅੱਜ ਕੌਣ ਆਉਣ ਵਾਲੈ ਨਾਚੀਜ਼ ਦੇ ਘਰ ਅੰਦਰ
ਜਜ਼ਬੇ ਮਿਰੇ ਨਾ ਦਿਲ ਵਿੱਚ ਫੁੱਲੇ ਸਮਾ ਰਹੇ ਨੇ

ਆਊ ਬਹਾਰ ਬਾਗੀਂ ਤੇਰੇ ਜਨਕ ਯਕੀਨਣ,
ਬਹਿ ਕੇ ਬਨੇਰੇ ਕਾਂ ਅੱਜ ਰੌਲਾ ਜੋ ਪਾ ਰਹੇ ਨੇ

ਮੈਂ ਚਿਰਾਂ ਦਾ ਘਾਇਲ ਹਾਂ ਜ਼ਖ਼ਮੀ ਪਰਿੰਦੇ ਵਾਂਗਰਾਂ
ਤੇਰੇ ਸੁੱਖ ਲਈ ਫੇਰ ਵੀ ਮੈਂ ਖਾ ਰਿਹਾ ਹਾਂ ਠੋਕਰਾਂ

ਤੇਰੇ ਕੋਲੋਂ ਕੌਣ ਬਚਿਆ ਸਾਬਤਾ ਹੈ ਇਹ ਤਾਂ ਦੱਸ
ਆਪਣੇ ਕੋਲੇ ਆਪਣੀ ਹੀ ਮੈਂ ਸੁਣਾਵਾਂ ਦਾਸਤਾਂ

ਮੇਰੇ ਕਾਤਲ ਨੇ ਉਡਾਈ ਖ਼ਾਕ ਮੇਰੀ ਦਰ-ਬ-ਦਰ
ਇਹ ਕਹਾਣੀ ਅੱਜ ਰਾਤੀਂ ਹੈ ਸੁਣਾਈ ਮੁਰਦਿਆਂ

ਤੇਰੀਆਂ ਹੀ ਝਾਂਜਰਾਂ ਦੇ ਬੋਲ ਕਾਹਤੋਂ ਗੂੰਜਦੇ
ਲੋਕ ਚਾਹੇ ਹੋਰ ਕਿੰਨੇ ਪਾ ਕੇ ਲੰਘਣ ਝਾਂਜਰਾਂ

ਸ਼ਹਿਰ ਤੇਰੇ ਵਿੱਚ ਕਾਹਤੋਂ ਅੱਜ ਕਿਆਮਤ ਆ ਰਹੀ
ਸਭ ਦੀਆਂ ਹੀ ਜਾਪਦੀਆਂ ਜੀਭਾਂ ਹੋਈਆਂ ਕਾਲੀਆਂ

ਏਸ ਮਾਰੂਥਲ ਦੇ ਅੰਦਰ ਵੀ ਉੱਗਣਗੇ ਫੁੱਲ ਕਦੇ
ਏਸ ਮਾਰੂਥਲ 'ਚ ਇੱਕ ਦਿਨ ਵਰਨੀਆਂ ਨੇ ਬਦਲੀਆਂ

ੴ

ਧਰਤੀ ਆਕਾਸ਼ ਤੇ ਮੈਂ ਨਾਂ ਤੇਰਾ ਲਿਖ ਰਿਹਾ ਹਾਂ
ਦੁਰਸੀਸ ਦੇ ਨਾ ਯੋਗੀ ਮੈਂ ਹੱਥ ਜੋੜਦਾ ਹਾਂ

ਤਸਵੀਰ ਤੇਰੀ ਵਾਹਾਂ ਜਦ ਸੁੱਕੀ ਰੇਤ ਉੱਤੇ
ਢਾਅ ਦੇਣ ਹਨੇਰੀਆਂ ਝੱਟ ਮੁੜ-ਮੁੜ ਮੈਂ ਰੋਕਦਾ ਹਾਂ

ਮੁਸ਼ਕਿਲ ਦੇ ਨਾਲ ਲੜਨਾ ਆਦਤ ਮੇਰੀ ਚਿਰਾਂ ਤੋਂ
ਆਦਤ ਮੇਰੀ ਹੈ ਚਿਰ ਤੋਂ ਗ਼ਮ ਨਾਲ ਜੂਝਦਾ ਹਾਂ

ਕਿਧਰੇ ਗ਼ਲਤ ਹਵਾਵਾਂ ਕਮਰੇ 'ਚ ਆ ਨਾ ਪਹੁੰਚਣ
ਕਮਰੇ ਦੇ ਚਾਰੇ ਪਾਸੇ ਪਰਦੇ ਮੈਂ ਤਾਣਦਾ ਹਾਂ

ਤੂੰ ਵੀ ਹਵਾ ਦੇ ਵਾਂਗੂੰ ਚੁੱਪ-ਚਾਪ ਲੰਘਦਾ ਹੈਂ
ਤੇਰੇ ਕਦਮ ਦੀ ਆਹਟ ਪਰ ਮੈਂ ਪਛਾਣਦਾ ਹਾਂ

ਉਸ ਨੂੰ ਖ਼ਬਰ ਨਹੀਂ ਕੁਝ ਮੈਂ ਜਾਣਦਾ ਹਾਂ ਏਨਾ
ਮੈਂ ਕਿਸ ਦੀ ਕਬਰ ਉੱਤੇ ਹੰਝੂ ਬਹਾ ਰਿਹਾ ਹਾਂ

ਤੂੰ ਬੈਠਾ ਕਾਸਤੋਂ ਹੈ ਦੱਸ ਵਿਹਲਾ ਹੱਥ ’ਤੇ ਹੱਥ ਧਰ ਕੇ
ਹਮੇਸ਼ਾ ਆਉਣ ਦਿਲ ਵਾਲੇ ਮੁਹੱਬਤ ਦੀ ਨਦੀ ਤਰਕੇ

ਤੁਸੀਂ ਤੂਫ਼ਾਨ ਤੋਂ ਡਰਦੇ ਹੀ ਪਿੱਛੇ ਮੁੜ ਗਏ ਕਾਹਤੋਂ
ਤੁਸੀਂ ਦੱਸੋ ਕਿਵੇਂ ਲੰਘੂ ਤੁਹਾਡੀ ਜ਼ਿੰਦਗੀ ਡਰ ਕੇ

ਬੜੇ ਮਿੱਠੇ ਸੀ ਹੋਏ ਕੋਲ ਮੇਰੇ ਆਣ ਕੇ ਸਾਥੀ
ਤੇ ਜਾਂਦੀ ਵਾਰ ਗਏ ਨੇ ਉਹ ਸੁਨਹਿਰੀ ਪਿੰਜਰਾ ਧਰ ਕੇ

ਉਤਾਰੇਂ ਆਰਤੀ ਜਿਸ ਦੀ ਜਗਾਵੇਂ ਜੋਤ ਜਿਸ ਅੱਗੇ
ਖੁਸ਼ੀ ਤੇਰੀ ਤਾਂ ਉਹੀ ਲੈ ਗਿਆ ਹੈ ਝੋਲੇ ਵਿੱਚ ਭਰ ਕੇ

ਤਬੀਅਤ ਕਿਸ ਤਰ੍ਹਾਂ ਦੀ ਹੈ ਤੇਰੀ ਭੇਜੀਂ ਪਤਾ ਸਾਨੂੰ
ਸਲਾਮਤ ਦੇਖਣਾ ਚਾਹਾਂ ਮੈਂ ਤੈਨੂੰ ਹੀ ਸਦਾ ਮਰ ਕੇ

ਮੇਰੀ ਤਸਵੀਰ ਛਾਪੀ ਹੈ ਮਗਰ ਚਿਹਰਾ ਲੁਕਾਇਆ ਏ
ਮੁਹੱਬਤ ਰੱਖਦੈਂ ਦਿਲ ਵਿਚ ਤੂੰ ਕਿਉਂ ਦੁਨੀਆਂ ਤੋਂ ਡਰ-ਡਰ ਕੇ

ਕਿਸ ਨੇ ਬਹਾਰਾਂ ਤਾਈਂ ਕੈਦੀ ਬਣਾ ਕੇ ਰੱਖਿਆ
ਤੇਰੀ ਗਲੀ 'ਚ ਅੱਜ ਮੈਂ ਮਾਯੂਸ ਪਰਤ ਚੱਲਿਆ

ਪੱਤਝੜ ਦੇ ਬਾਅਦ ਆਊ ਮੌਸਮ ਬਹਾਰ ਦਾ ਵੀ
ਛਾਵਾਂ ਨੂੰ ਮਾਣ ਰੱਜ ਕੇ ਆਰੀ ਚਲਾ ਨਾ ਝੱਲਿਆ

ਸੌਂ ਜਾਵੇ ਪੌਣ ਜੇਕਰ ਦੀਵਾ ਜਗੇਗਾ ਤਾਂ ਹੀ
ਮੈਂ ਵਰਜ਼ ਕੇ ਹਵਾ ਨੂੰ ਏਸੇ ਲਈ ਹੈ ਰੱਖਿਆ

ਇੱਕ ਪਲ 'ਚ ਤੂੰ ਯਾਰਾ ਹਾਲੋਂ ਬੇ ਹਾਲ ਹੋਇਆ
ਮੈਂ ਮੁੱਦਤ ਤੋਂ ਇਹ ਗ਼ਮ ਸੀ ਦਿਲ 'ਚ ਪਾਲ ਰੱਖਿਆ

ਕੈਸਾ ਸਫ਼ਰ ਹੈ ਮੁਦੱਤ ਤੋਂ ਰੱਖਿਆ ਹੈ ਜਾਰੀ
ਦਿਨ-ਰਾਤ ਤੁਰ ਰਿਹਾ ਹਾਂ ਪੈਂਡਾ ਅਜੇ ਨਾ ਮੁੱਕਿਆ

ਬੇਵਸ ਹੈ ਗ਼ਮ ਨੇ ਕੀਤਾ ਹੋਈਆਂ ਉਦਾਸ ਅੱਖਾਂ
ਫਿਰ ਵੀ ਮੈਂ ਇਸ਼ਕ ਤੇਰਾ ਹੈ ਚਿਰ ਤੋਂ ਪਾਲ ਰੱਖਿਆ

ਸ਼ਬਦਾਂ ਦੇ ਜਾਲ ਬੁਣ ਕੇ ਮੈਂ ਥੱਕ ਗਿਆ ਹਾਂ ਯਾਰੋ
ਜ਼ਿੰਦਗੀ ਦਾ ਇਕ ਸਫ਼ਾ ਵੀ ਮੈਥੋਂ ਗਿਆ ਨਾ ਲਿਖਿਆ

ਮਜ਼ੁਬ ਦੇ ਨਾਂ 'ਤੇ ਬੰਦਾ ਬੰਦੇ ਨੂੰ ਮਾਰ ਦਿੰਦੈ
ਕੀ ਬੰਦਗੀ ਹੈ ਇਸ ਦੀ ਬੰਦਾ ਇਹ ਕਾਹਦਾ ਹੋਇਆ

ਜਦੋਂ ਮੈਂ ਸੌਣ ਲਗਦਾ ਹਾਂ ਗ਼ਜ਼ਲ ਇੱਕ ਹੋਰ ਆ ਜਾਵੇ
ਮੇਰੇ ਅੰਦਰ ਇਹ ਹਰ ਇਕ ਨਾੜ ਤੇ ਕੰਡੇ ਵਿਛਾ ਜਾਵੇ

ਕੁਈ ਸੁੱਖ ਵਿੱਚ ਕੁਈ ਦੁੱਖ ਵਿੱਚ ਇਹ ਜੀਵਨ ਲੰਘਾ ਜਾਵੇ
ਕੁਈ ਦੁਨੀਆਂ ’ਚ ਆਪਣਾ ਤੇ ਵਤਨ ਦਾ ਨਾਂ ਲਿਖਾ ਜਾਵੇ

ਕਿਵੇਂ ਚੁੱਕਾ ਮੈਂ ਦੱਸ ਤੂੰ ਗ਼ੈਰ ਦੇ ਹੀ ਭਾਰ ਫੁੱਲਾਂ ਦਾ
ਮੈਂ ਹੱਸ ਕੇ ਸਿਰ ’ਤੇ ਚੁੱਕ ਲਾਂਗਾ ਉਹ ਪੱਥਰ ਜੋ ਟਿਕਾ ਜਾਵੇ

ਖ਼ਿਜ਼ਾਵਾਂ ਨੂੰ ਬਹਾਰਾਂ ਵਿੱਚ ਵੀ ਮੈਂ ਤਦ ਬਦਲ ਸਕਦਾ ਹਾਂ
ਉਹ ਮੇਰੇ ਘਰ ’ਚ ਆ ਕੇ ਮਹਿਕ ਜੇ ਮੁੱਠ ਹੀ ਖਿੰਡਾ ਜਾਵੇ

ਸਮੇਂ ਦਾ ਹਾਣ ਬਣ ਤੂੰ ਭਟਕ ਨਾ ਕਿੱਧਰੇ ਮੇਰੇ ਦਿਲਬਰ
ਸਮਾਂ ਨਾ ਕੈਦ ਹੁੰਦਾ ਏ ਇਹ ਹੱਥੋਂ ਨਿਕਲਦਾ ਜਾਵੇ

ਇਹ ਕੇਹਾ ਸ਼ਹਿਰ ਹੈ ਤੇਰਾ ਨੇ ਵਸਦੇ ਲਾਲਚੀ ਬੰਦੇ
ਜੋ ਏਥੇ ਆਣ ਵਸਦਾ ਏ ਉਹ ਏਥੋਂ ਰੋਂਵਦਾ ਜਾਵੇ

ਹਨ੍ਹੇਰੇ ਵਿੱਚ ਮੈਂ ਤੁਰਿਆ ਜਾ ਰਿਹਾ ਹਾਂ ਮੁੱਦਤਾਂ ਤੋਂ ਹੀ
ਮੇਰੇ ਹੱਥਾਂ ’ਤੇ ਕੋਈ ਦੋ ਕੁ ਹੀ ਜੁਗਨੂੰ ਟਿਕਾ ਜਾਵੇ

ੴ

ਬਿਖਰ ਜਾਵੇ ਜੇ ਫੁੱਲ ਟੁੱਟ ਕੇ ਤਾਂ ਦਿਲ ਮੇਰਾ ਬਿਖਰਦਾ ਹੈ
ਕੋਈ ਤਾਜ਼ਾ ਹਰਾ ਪੱਤਾ ਬੜਾ ਅਫ਼ਸੋਸ ਕਰਦਾ ਹੈ

ਤੂੰ ਆਖਿਰ ਪੰਛੀਆਂ ਦੀ ਡਾਰ ਵਿੱਚ ਆਉਣਾ ਸੀ ਐ ਪੰਛੀ
ਭਰੱਪੇ ਬਾਝ ਸਰਦੈ ਨਾ ਇਕੱਲੇ ਰਹਿ ਕੇ ਸਰਦਾ ਹੈ

ਨਾ ਜਾ ਮੈਨੂੰ ਇਕੱਲਾ ਛੱਡ ਕੇ ਤੂੰ ਮਹਿਸੂਸ ਕਰ ਯਾਰਾ
ਤੇਰਾ ਹੀ ਸਾਥ ਮੇਰੀ ਜ਼ਿੰਦਗੀ ਸਰਸ਼ਾਰ ਕਰਦਾ ਹੈ

ਮੈਨੂੰ ਮੁਨਕਰ ਤਾਂ ਨਹੀਂ ਕਿ ਮੈਂ ਇਹ ਅੰਬਰ ਗਾਹ ਨਹੀਂ ਸਕਦਾ
ਬੇਸ਼ਕ ਮੁੱਦਤ ਤੋਂ ਮੇਰਾ ਵਕਤ ਝੱਖੜਾਂ ਵਿੱਚ ਗੁਜ਼ਰਦਾ ਹੈ

ਮੇਰਾ ਇਹ ਹਾਲ ਤੱਕ ਪੱਥਰ ਪਿਘਲ ਕੇ ਰਹਿ ਗਏ ਸਾਰੇ
ਤੇਰੇ ਦਿਲ ਨੂੰ ਨਾ ਆਇਆ ਤਰਸ ਆਪਣੇ ਹਮਸਫ਼ਰ ਦਾ ਹੈ

ਨਹੀਂ ਮੈਨੂੰ ਸਮਝ ਆਈ ਰਤਾ ਸਮਝਾ ਜਨਕ ਮੈਨੂੰ
ਕਿਸੇ ਭੁੱਲੇ ਨੂੰ ਰਾਹ ਪਾਉਣਾ ਸਲੀਕਾ ਹਰ ਬਸ਼ਰ ਦਾ ਹੈ

ੴ

ਆਦਮੀਂ ਹਰ ਵਾਹ ਹੈ ਸਕਦਾ ਹੱਥ ਦੀ ਰੇਖਾ ਆਪਣੀ
ਹੱਥ 'ਚ ਸਭ ਦੇ ਡੋਰ ਹੈ ਇਸ ਜ਼ਿੰਦਗੀ ਤੇ ਵਕਤ ਦੀ

ਜਿਸ 'ਤੇ ਸੂਲਾਂ ਹੋਣ ਤਿੱਖੀਆਂ ਬੀਜ਼ ਐਸੇ ਬੀਜ ਨਾ
ਹਰ ਕਵੀ ਦੀ ਕਲਮ ਹਰ ਪਲ ਇਹ ਹੈ ਤੈਨੂੰ ਆਖਦੀ

ਪੱਥਰਾਂ ਦੇ ਨਾਲ ਜੀਣਾ ਜ਼ਿੰਦਗੀ ਕੀ ਹੈ ਇਹੇ
ਪੱਥਰਾਂ ਦੇ ਵਿੱਚ ਰਹਿ ਕੇ ਮੈਂ ਬਿਤਾਈ ਜ਼ਿੰਦਗੀ

ਨਫ਼ਰਤਾਂ ਦੇ ਢੇਰ ਨਾ ਲਾ ਅੱਤ ਏਨੀ ਚੁੱਕ ਨਾ
ਜਿਸ ਨੂੰ ਤੈਂ ਹੈ ਮਾਰਿਆ ਰੂਹ ਹੈ ਉਸ ਦੀ ਆਖਦੀ

ਤਾਂਘ ਜੇਕਰ ਪਿਆਰ ਦੀ ਹੈ ਨਫ਼ਰਤਾਂ ਨੂੰ ਮੇਟ ਦੇ
ਸਭ ਨੂੰ ਹਿੰਮਤ ਖੁਦ-ਬ-ਖੁਦ ਹੀ ਰਾਸਤਾ ਹੈ ਦੱਸਦੀ

ਕੱਟ ਦਿੱਤੇ ਜਿਸ ਦੇ ਪਰ ਤੈਂ ਕਿਸ ਤਰ੍ਹਾਂ ਉਹ ਉੱਡ ਸਕੂ
ਬਿਨ ਪਰਾਂ ਤੋਂ ਪੰਛੀਆਂ ਦੀ ਹੈ ਅਧੂਰੀ ਜ਼ਿੰਦਗੀ

ੴ

ਰਿਸ਼ਤਿਆਂ ਵਿੱਚ ਇਸ ਤਰ੍ਹਾਂ ਨਾ ਜ਼ਹਿਰ ਪਾ
ਹੋ ਸਕੇ ਤਾਂ ਫਾਸਲਾ ਦਿਲ 'ਚੋਂ ਮਿਟਾ

ਐਂਤਕੀ ਆਈ ਅਨੋਖੀ ਹੈ ਬਹਾਰ
ਹਾਲ ਇਸ ਦਾ ਹੈ ਖਿਜ਼ਾ ਨਾਲੋਂ ਬੁਰਾ

ਤੂੰ ਕਰੇਂਗਾ ਵਕਤ ਨੂੰ ਕਾਬੂ ਕਿਵੇਂ
ਵਕਤ ਕਦ ਆਇਆ ਹੈ ਕਾਬੂ ਮੂਰਖਾ

ਜੇ ਨਜ਼ਰ ਹੋ ਜਾਏ ਸਿੱਧੀ ਆਪ ਦੀ
ਜ਼ਿੰਦਗੀ ਦਾ ਫਿਰ ਤਾਂ ਆ ਜਾਵੇ ਮਜ਼ਾ

ਕੋਈ ਸੂਰਜ ਨੂੰ ਵੀ ਕਰ ਸਕਿਆ ਨਾ ਕੈਦ
ਤੂੰ ਜ਼ਿਹਨ 'ਚੋਂ ਇਹ ਖਿਆਲ ਆਪਣਾ ਮਿਟਾ

ਇਹ ਹੁਨਰ ਵੀ ਮੈਨੂੰ ਆਉਂਦਾ ਹੈ ਜਨਾਬ
ਕੁੱਜੇ ਵਿੱਚ ਦਰਿਆ ਵੀ ਮੈਂ ਸਕਦਾ ਛੁਪਾ

ਚਾਨਣਾਂ ਦੇ ਸ਼ਹਿਰ ਵਿੱਚ ਬੇ-ਨੂਰ ਹਾਂ
ਤੇਰੇ ਬਿਨ ਮੈਂ ਚਾਨਣੀ ਤੋਂ ਦੂਰ ਹਾਂ

ਨੱਚਦੇ ਆਏ ਜੋ ਨੇ ਤਿੱਖੀ ਧਾਰ 'ਤੇ
ਉਹਨਾਂ ਵਿੱਚੋਂ ਇੱਕ ਮੈਂ ਪਹਿਲਾ ਪੂਰ ਹਾਂ

ਆਪਣੀ ਅਰਥੀ ਖੁਦ ਮੈਂ ਚੁੱਕੀ ਫਿਰ ਰਿਹੈਂ
ਭਾਰ ਸਿਰ 'ਤੇ ਚੁੱਕਣ ਲਈ ਮਜ਼ਬੂਰ ਹਾਂ

ਏਸ ਉੱਜੜੇ ਘਰ ਤਰ੍ਹਾਂ ਹੈ ਜ਼ਿੰਦਗੀ
ਬਿਰਛ ਹੇਠਾਂ ਡਿੱਗਿਆ ਮੈਂ ਬੂਰ ਹਾਂ

ਮੈਂ ਚਿਰਾਂ ਦਾ ਮੀਲ ਪੱਥਰ ਜਾਣ ਲਉ
ਮੈਂ ਚਿਰਾਂ ਦਾ ਹਾਸਿਆਂ ਤੋਂ ਦੂਰ ਹਾਂ

ਮੈਂ ਬਿਗਾਨੇ ਰੁੱਖ ਹੇਠਾਂ ਕਿਉਂ ਬਹਾਂ
ਮੁੱਢ ਤੋਂ ਹੀ ਮੈਂ ਗ਼ਮਾਂ ਦਾ ਪੂਰ ਹਾਂ

ੴ

ਮੇਰੇ ਰਾਹਾਂ ਵਿੱਚ ਹਨ੍ਹੇਰੇ ਜਦ ਕਦੇ ਵੀ ਆਉਣਗੇ
ਸੈਂਕੜੇ ਜੁਗਨੂੰ ਮੇਰੇ ਰਾਹਾਂ ਨੂੰ ਤਦ ਰੁਸ਼ਨਾਉਣਗੇ

ਪੰਛੀਆਂ ਦੇ ਖੰਭਾਂ 'ਤੇ ਜੋ ਧਰ ਰਹੇ ਅੰਗਿਆਰ ਹਨ
ਹਸ਼ਰ ਦੇ ਦਿਨ ਉਹੀ ਬੰਦੇ ਰੋਣਗੇ ਕੁਰਲਾਉਣਗੇ

ਜੇ ਉਹ ਆਪਣੇ ਜੂੜੇ ਵਿੱਚ ਫੁੱਲ ਟੰਗ ਕੇ ਆਵੇ ਘਰੇ
ਤਾਂ ਮੇਰੇ ਮੁਰਝਾਏ ਦਿਲ ਨੂੰ ਫੇਰ ਉਹ ਮਹਿਕਾਉਣਗੇ

ਮੇਰੇ ਘਰ ਕੁਝ ਪਰਤੀਆਂ ਰੌਣਕਾਂ ਦੇਖਣਗੇ ਜਦ
ਕੀ ਪਤਾ ਹੈ ਦੁਸ਼ਮਣਾਂ ਦੇ ਚਿਹਰੇ ਕਿੰਝ ਕਮਲਾਉਣਗੇ

ਤੇਰੀ ਕਿਸਮਤ ਦਾ ਜਨਕ ਦਰਵਾਜ਼ਾ ਹੈ ਉਹਨਾਂ ਦੇ ਹੱਥ
ਕੀ ਪਤੈ ਖੋਲ੍ਹਣਗੇ ਉਹ? ਜਾਂ ਜਿੰਦਰਾ ਹੀ ਲਾਉਣਗੇ

ੴ

ਚੜ੍ਹਦਾ ਸੂਰਜ ਵਿੰਨ੍ਹਿਆਂ ਜਾਂਦੈ ਤੀਰਾਂ ਤੇ ਤਲਵਾਰਾਂ ਨਾਲ
ਕਾਤਲ ਨਿੱਤ ਸਨਮਾਨਿਤ ਹੁੰਦੇ ਫੁੱਲਾਂ ਵਾਲੇ ਹਾਰਾਂ ਨਾਲ

ਹਾਸੇ ਕਿਤੇ ਗੁਆਚੇ ਲਗਦੇ ਅੱਜ ਨੇ ਤੇਰੇ ਚਿਹਰੇ ਉੱਤੋਂ
ਤੁਲਣਾ ਤੇਰੀ ਕਰ ਸਕਦੇ ਹਾਂ ਅੱਜਕਲ੍ਹ ਸਖ਼ਤ ਬਿਮਾਰਾਂ ਨਾਲ

ਪਤਝੜ ਦੇ ਵਿੱਚ ਪੱਤੇ ਸਾਰੇ ਬਿਰਛਾਂ ਉੱਤੋਂ ਡਿੱਗ ਪੈਂਦੇ ਨੇ
ਪਤਝੜ ਦੀ ਕਿਉਂ ਤੁਲਨਾ ਕਰਦੇ ਯਾਰੋ ਨਿੱਤ ਬਹਾਰਾਂ ਨਾਲ

ਟੁੱਟ ਸਕਦੇ ਹਨ ਪੱਥਰ ਸਾਰੇ ਪੱਥਰ ਕੋਈ ਚੀਜ਼ ਨਹੀਂ
ਕਿੱਡੀ ਕੋਈ ਟੱਕਰ ਲਾਵੇ ਮੇਰੇ ਸਖ਼ਤ ਵਿਚਾਰਾਂ ਨਾਲ

ਮੇਰੇ ਪੈਰਾਂ ਨਾਲੋਂ ਕੋਈ ਰੇਲਾਂ ਵੱਧ ਨਾ ਦੌੜਦੀਆਂ
ਪੈਦਲ ਚਲ ਮੈਂ ਪਹਿਲਾਂ ਪਹੁੰਚਾ, ਜਾਂਦੇ ਓ ਤੁਸੀਂ ਕਾਰਾਂ ਨਾਲ

ਗਮਲੇ ਵਿਚਲੀ ਜੜ੍ਹ ਨੇ ਕਿੱਦਾਂ ਧਰਤੀ ਹੇਠਾਂ ਜਾਣੈ ਦੱਸੋ
ਉੱਪਰ ਵੇਲ ਵਧਾ ਸਕਦੇ ਓ ਬੰਨ ਕੇ ਚਾਹੇ ਤਾਰਾਂ ਨਾਲ

ੴ

ਨਾ ਤੂੰ ਕਰ ਅਪਮਾਨ ਮੇਰਾ, ਹੈ ਤਕਾਜ਼ਾ ਰਿਸ਼ਤਿਆਂ ਦਾ
ਆਪਣੇ ਦਿਲ ਵਿੱਚ ਰੱਖ ਅਹਿਸਾਸ ਯਾਰਾ ਰਿਸ਼ਤਿਆਂ ਦਾ

ਬਣ ਗਿਆ ਆਧਾਰ ਜੇ ਪੈਸਾ ਹੀ ਯਾਰਾ ਰਿਸ਼ਤਿਆਂ ਦਾ
ਫਿਰ ਸਮਝ ਲੈ ਨਿਕਲੂਗਾ ਇੱਕ ਦਿਨ ਜਨਾਜ਼ਾ ਰਿਸ਼ਤਿਆਂ ਦਾ

ਖੋਭੇ ਜਾ ਸਕਦੇ ਨਹੀਂ ਖੰਜ਼ਰ ਪਵਿੱਤਰ ਰਿਸ਼ਤਿਆਂ ਦੇ
ਲੋਕ ਤਾਂ ਗੁਣਗਾਨ ਕਰਦੇ ਨੇ ਹਮੇਸ਼ਾ ਰਿਸ਼ਤਿਆਂ ਦਾ

ਰਿਸ਼ਤੇ ਨਾ ਤਿੜਕਣ ਕਦੇ ਰੱਬ ਤੋਂ ਤੂੰ ਮੰਗਿਆ ਕਰ ਦੁਆਵਾਂ
ਪੁੱਜ ਕੇ ਕਮਜ਼ੋਰ ਹੀ ਹੁੰਦਾ ਹੈ ਧਾਗਾ ਰਿਸ਼ਤਿਆਂ ਦਾ

ਮਾਰਿਆ ਜਾਏਂਗਾ ਤੂੰ ਇੱਕ ਦਿਨ ਅਜਾਈਂ ਯਾਦ ਰੱਖੀਂ
ਆਦਮੀਂ ਨੂੰ ਚਾਹੀਦੈ ਸਤਿਕਾਰ ਪੂਰਾ ਰਿਸ਼ਤਿਆਂ ਦਾ

ਉਹਨਾਂ ਦੇ ਰਿਸ਼ਤੇ ਕੀ ਰਿਸ਼ਤੇ ਹਨ ਜੋ ਟੁੱਟ ਜਾਂਦੇ ਨੇ ਪਲ ਵਿੱਚ
ਦੋਹੀਂ ਪਾਸੀਂ ਚਾਹੀਦੈ ਪੂਰਾ ਭਰੋਸਾ ਰਿਸ਼ਤਿਆਂ ਦਾ

ੴ

ਬਦਨ ਅੱਜ ਕੱਲ੍ਹ ਨੰਗਾ ਹੈ ਮੁਟਿਆਰ ਦਾ
ਗਰਕ ਚੱਲਿਆ ਬੇੜਾ ਹੈ ਸੰਸਾਰ ਦਾ

ਫੈਸ਼ਨਾਂ ਨੇ ਲੋਈ ਲਾਹੀ ਸ਼ਰਮ ਦੀ
ਕਿਉਂ ਨਹੀਂ ਸੰਸਾਰ ਇਹ ਵੀਚਾਰਦਾ

ਜੇ ਕਲਮ ਦਮਦਾਰ ਹੋਊ ਆਪ ਦੀ
ਖੁਦ-ਬ-ਖੁਦ ਹੀ ਮੂੰਹ ਮੁੜੂ ਤਲਵਾਰ ਦਾ

ਦਾਜ ਦੇ ਵਿੱਚ ਮੰਗਦੇ ਲੋਭੀ ਦੌਲਤਾਂ
ਹੁਸਨ ਦਿਲ ਦਾ ਵੇਂਹਦੇ ਨਾ ਮੁਟਿਆਰ ਦਾ

ਰਹਿਣ ਵੀ ਦੇ ਸੱਪ ਦੇ ਪੁੱਤ ਨੂੰ ਛੇੜ ਨਾ
ਸੱਪ ਦਾ ਪੁੱਤ ਵੀ ਹੁੰਦਾ ਏ ਡੰਗ ਮਾਰਦਾ

ਔਰਤਾਂ ਦੀ ਮਰਦ ਕੱਢਦੇ ਗਾਲ੍ਹ ਨੇ
ਦੋ ਟਕੇ ਵੀ ਮੁੱਲ ਨਾ ਮੁਟਿਆਰ ਦਾ

ਅਸਾਂ ਨੂੰ ਸੁਣ ਰਹੀ ਹੈ ਤਾਨ ਹੁਣ ਤੱਕ ਓਸ ਝਾਂਜਰ ਦੀ
ਬੜਾ ਗ਼ਮਗੀਨ ਹੈ ਮੌਸਮ ਕਰੋ ਗੱਲ ਓਸ ਕਾਫ਼ਿਰ ਦੀ

ਕਿਸੇ ਸੂਰਤ ਵੀ ਮੈਨੂੰ ਪਰਖ ਕੇ ਤੂੰ ਵੇਖ ਲੈ ਜ਼ਾਲਿਮ
ਮਗਰ ਬੇੜੀ ਤਾਂ ਲਾ ਬੰਨ੍ਹੇ ਸਿਤਮਗਰ ਆਪਣੇ ਦਿਲਬਰ ਦੀ

ਬਚਾ ਕੇ ਰੱਖ ਤੂੰ ਖ਼ੁਦ ਨੂੰ ਇਹਨਾਂ ਜ਼ਾਲਿਮ ਹੁਸੀਨਾਂ ਤੋਂ
ਕਿਸੇ ਦੇ ਇਹ ਨਹੀਂ ਆਪਣੇ ਕਿਸੇ ਦੇ ਇਹ ਨਹੀਂ ਦਰਦੀ

ਤੂੰ ਮੇਰੇ ਖੰਭ ਕੱਟ ਸੁੱਟੇ ਮੈਂ ਹੁਣ ਉਡੂੰਗਾ ਦੱਸ ਕਿੱਦਾਂ
ਸਮਝ ਵਿੱਚ ਆ ਰਹੀ ਹੈ ਚਾਲ ਤੇਰੀ ਸੋਚ ਸ਼ਾਤਰ ਦੀ

ਅਸੀਂ ਹਾਂ ਰੌਸ਼ਨੀ ਕਰਦੇ ਤੁਸੀਂ ਦੀਵੇ ਬੁਝਾਉਂਦੇ ਹੋ
ਜਿਨ੍ਹਾਂ ਦੇ ਦਿਲ 'ਚ ਵਲ-ਛਲ ਹੈ ਉਹ ਕੀ ਦੱਸਣਗੇ ਅੰਦਰ ਦੀ

ਮੇਰੇ ਘਰ ਵਿੱਚ ਪਏ ਤੱਪੜ ਜਨਕ ਲੱਗਣ ਬੁਰੇ ਮੈਨੂੰ
ਤੂੰ ਜਦ ਪਾਉਣੈ ਕਹਾਣੀ ਆਪਣੇ ਘਰ ਦੇ ਸੰਗਮਰਮਰ ਦੀ

ਲੋਕ ਲੱਗਦੇ ਭੁੱਲ ਗਏ ਆਪਣੇ ਘਰਾਂ ਨੂੰ
ਜਾ ਰਹੇ ਨੇ ਉਹ ਬਿਗਾਨੇ ਹੀ ਗਰਾਂ ਨੂੰ

ਹੁਣ ਪਰਾਏ ਜਾਪਦੇ ਨੇ ਆਪਣੇ ਹੀ
ਓਟ ਕੇ ਨਿੱਤ ਤੁਰ ਰਹੇ ਨੇ ਚਾਦਰਾਂ ਨੂੰ

ਸਰਦ ਰੁੱਤੀਂ ਸੇਕ ਕਿੰਨਾ ਮਾਰਦਾ ਹੈ
ਜਾਣਕਾਰੀ ਨਹੀਂ ਉੱਕਾ ਵੀ ਰਹਿਬਰਾਂ ਨੂੰ

ਸੋਚ ਪੁੱਠੀ ਹੋ ਗਈ ਹੈ ਓਸ ਦੀ ਹੁਣ
ਆਖਦਾ ਹੈ ਮਿੱਠੇ ਹੋਵੋ ਸਾਗਰਾਂ ਨੂੰ

ਹਰ ਕੋਈ ਅਖ਼ਬਾਰ ਹੰਝੂ ਕੇਰਦਾ ਹੈ
ਨੱਥ ਪਾਊ ਕੌਣ ਇਥੇ ਜਾਬਰਾਂ ਨੂੰ

ਭਰਮ ਦੇ ਰੁੱਖ ਉਸ ਦੇ ਸੀਨੇ ਪਲ ਰਹੇ ਨੇ
ਅਲਵਿਦਾ ਮੈਂ ਕਿੰਝ ਕਹਾਂਗਾ ਠੋਕਰਾਂ ਨੂੰ

ੴ

ਸ਼ੁਕਰ ਹੈ ਖੁਸ਼ਬੂ ਦਾ ਬੁੱਲ੍ਹਾ ਆਪੇ ਹੀ ਘਰ ਆ ਗਿਆ
ਪਲ ਕੁ ਵਿੱਚ ਹੀ ਮਹਿਕ ਕਿੰਨੀ ਹੈ ਉਹੋ ਬਿਖਰਾ ਗਿਆ

ਬਾਗ਼ ਦੇ ਵਿੱਚ ਮੈਂ ਜਦੋਂ ਵੀ ਵੇਖ ਕੇ ਹਾਂ ਸੋਚਦਾ
ਟਹਿਕਦਾ ਇੱਕ ਫੁੱਲ ਦੱਸੋ ਕਾਸਤੋਂ ਮੁਰਝਾ ਗਿਆ

ਨਾ ਬਦੀ ਕਰ ਯਾਰ ਹੁੰਦੀ ਹੈ ਬਦੀ ਸਭ ਤੋਂ ਬੁਰੀ
ਇਸ ਬਦੀ ਦਾ ਜ਼ਹਿਰ ਤਖ਼ਤੋਂ ਤਾਜ਼ ਕਿੰਨੇ ਖਾ ਗਿਆ

ਰਿਸ਼ਤਿਆਂ ਦੀ ਭੀੜ ਹੈ ਤੇਰੇ ਚੁਫੇਰੇ ਦੇਖ ਲੈ
ਓਸ ਤੋਂ ਬਿਨ ਦੋਸਤੋਂ ਸੱਚਮੁੱਚ ਹਨ੍ਹੇਰਾ ਛਾ ਗਿਆ

ਵੇਖ ਲੈ ਤੂੰ ਰੁਖ ਵਿਚਾਰੇ ਵੈਣ ਪਾਉਂਦੇ ਹਨ ਖੜ੍ਹੇ
ਹਸਦੇ-ਵਸਦੇ ਜੰਗਲਾਂ ਨੂੰ ਕੌਣ ਤੀਲੀ ਲਾ ਗਿਆ

ਜ਼ਖ਼ਮ ਮੇਰੇ ਵੇਖ ਲੈ ਤੂੰ ਕਿੰਨੇ ਡੂੰਘੇ ਹੋ ਗਏ
ਅਲਵਿਦਾ ਦਾ ਖ਼ਤ ਤੇਰਾ ਜਦ ਡਾਕੀਆ ਪਕੜਾ ਗਿਆ

ਬਿਰਛਾਂ ਨਾਲੋਂ ਟੁੱਟ ਕੇ ਪੱਤੇ ਉੱਡ ਗਏ ਨੇ ਦੂਰ ਕਿਤੇ
ਪੱਤਿਆਂ ਦੇ ਸੰਗ ਹੁੰਦੀਆਂ ਛਾਵਾਂ ਪੱਤੇ ਸੀ ਮਸ਼ਹੂਰ ਕਿਤੇ

ਗੁਰਬਤ ਮਾਰੇ ਲੋਕਾਂ ਨੂੰ ਕਦ ਮਿਲਦਾ ਹੈ ਇਨਸਾਫ਼ ਭਲਾਂ
ਪੈਸੇ ਵਾਝੋਂ ਖਾਬਾਂ ਨੂੰ ਨਾ ਲਗਦੇ ਕਿਧਰੇ ਬੂਰ ਕਿਤੇ

ਦੁੱਖ ਉਧਾਰੇ ਲੈ ਲੈ ਕੇ ਮੈਂ ਪੰਡ ਨੂੰ ਭਾਰੀ ਕਰਦਾ ਹਾਂ
ਸਹਿ-ਸਹਿ ਦੁੱਖ ਬਿਗਾਨੇ ਹੀ ਹੁਣ ਹੋ ਜਾਈਏ ਮਸ਼ਹੂਰ ਕਿਤੇ

ਘਰ ਦੇ ਬੰਦੇ ਮਾਰਨ ਨੂੰ ਹੀ ਖਿਚਦੇ ਨੇ ਤਲਵਾਰਾਂ ਨਿੱਤ
ਕਿੰਝ ਮੈਂ ਆਪਣੇ ਘਰ ਨੂੰ ਛੱਡ ਕੇ ਜਾ ਬੈਠਾਂ ਹੁਣ ਦੂਰ ਕਿਤੇ

ਵਗਦੀ ਵਾਅ ਨੇ ਮੈਨੂੰ ਇਕ ਸਵਾਲ ਜਿਹਾ ਹੈ ਕੀਤਾ ਅੱਜ
ਲਾਲਚ ਦੀ ਇਹ ਦੁਨੀਆਂ ਅੰਦਰ ਹੋ ਨਾ ਜਾਵੀਂ ਚੂਰ ਕਿਤੇ

ਮਾਨ-ਸਰੋਵਰ ਦੇ ਵਿੱਚ ਕਿਧਰੇ ਹੰਸ ਨਾ ਦਿਸਦੇ ਭਾਲੇ ਹੁਣ
ਮੋਤੀ ਚੁਗ ਕੇ ਲੈ ਗਏ ਕਾਂ ਨੇ ਹੰਸਾਂ ਦੀ ਗੱਲ ਦੂਰ ਕਿਤੇ

ਏਸ ਕੁਲੈਹਿਣੀ ਰਾਤ ’ਚ ਦੀਵਾ ਜਗਦਾ ਕਿਸ ਨੇ ਰੱਖਿਆ ਹੈ
ਦੁਨੀਆਂ ਅੰਦਰ ਦਿਸਦਾ ਨਈਂ ਪਰ ਚਾਨਣ ਦਾ ਇੱਕ ਪੂਰ ਕਿਤੇ

ੴ

ਜਗਦਾ ਦੀਪਕ ਬੁਝ ਨਾ ਜਾਵੇ ਰੁਕੋ ਹਵਾਓ
ਮੇਰਾ ਇਹ ਜੀਵਨ ਦੀਪਕ ਨਾ ਇੰਜ ਬੁਝਾਓ

ਕੁਦਰਤ ਦੀ ਤਾਕਤ ਦਾ ਤੁਹਾਨੂੰ ਪਤਾ ਨਹੀਂ
ਕਤਲ ਕਿਸੇ ਦਾ ਕਰਕੇ ਇੰਝ ਨਾ ਖੁਸ਼ੀ ਮਨਾਓ

ਕੋਈ ਵੀ ਤਾਂ ਬਾਤ ਨਹੀਂ ਦਿਲ ਦੀ ਬੁਝ ਸਕਦਾ
ਮੇਰੇ ਸਾਹਵੇਂ ਤੁਸੀਂ ਬੁਝਾਰਤ ਰੋਜ਼ ਨਾ ਪਾਓ

ਫੜ ਕੇ ਹੱਥ ਗੁਲੇਲ ਨਾ ਮਾਰ ਮੁਕਾਓ ਪੰਛੀ
ਰੱਬ ਦੇ ਬੰਦੇ ਹੋ ਕੇ ਨਾ ਇਹ ਕਹਿਰ ਕਮਾਓ

ਆਈ ਰੁੱਤ ਬਹਾਰਾਂ ਦੀ ਹੈ ਘੁੱਗੀਓ ਚਿੜੀਓ
ਮਿੱਠੇ ਗੀਤ ਤੁਸੀਂ ਬਹਿ ਰੁੱਖਾਂ ਉੱਤੇ ਗਾਓ

ਕਰੋ ਚੇਤਨਾ ਪੈਦਾ ਕੱਢੋ ਦਿਲ ’ਚੋਂ ਨਫ਼ਰਤ
ਆਤਮ ਸ਼ਕਤੀ ਤੁਸੀਂ ਆਪਣੀ ਫੇਰ ਜਗਾਓ

ਝਾਂਜਰ ਦਾ ਛਣਕਾਟਾ ਗੂੰਜੇ ਗਲੀ-ਗਲੀ ਵਿੱਚ
ਹਰ ਇੱਕ ਨੂੰ ਸੰਗੀਤ ਪਿਆਰ ਦਾ ਤੁਸੀਂ ਸੁਣਾਓ

ਕਿਸੇ ਨਜ਼ੂਮੀ ਦੇ ਅੱਗੇ ਪਾਓ ਨਾ ਤਰਲੇ
ਹਿੰਮਤ ਦੇ ਸਿਰ ’ਤੇ ਅਪਣੀ ਤਕਦੀਰ ਬਣਾਓ

ੴ

ਥੱਕੇ ਮੁਸਾਫਿਰਾਂ ਨੂੰ ਕੁਝ ਤਾਂ ਅਰਾਮ ਹੋਵੇ
ਉਠਦੇ ਨੂੰ ਫਿਰ ਸਵੇਰੇ ਤੇਰਾ ਸਲਾਮ ਹੋਵੇ

ਮੰਗਦਾ ਨਾ ਦੌਲਤਾਂ ਮੈਂ ਮੰਗਦਾ ਨਾ ਹੀਰੇ ਮੋਤੀ
ਦੁਨੀਆਂ ਦੀ ਚੀਜ਼ ਹਰ 'ਤੇ ਤੇਰਾ ਹੀ ਨਾਮ ਹੋਵੇ

ਵੱਢੇ ਨੇ ਜਿਸਮ ਜਾਂਦੇ ਟੋਟੇ ਨੇ ਜ਼ਿਗਰ ਹੁੰਦੇ
ਮਾਇਆ ਇਹ ਨਾਗਨੀ ਦਾ ਬੰਦਾ ਗੁਲਾਮ ਹੋਵੇ

ਚਿੱਟਾ ਹੈ ਖ਼ੂਨ ਹੋਇਆ ਸਭ ਥਾਂ ਹੀ ਦੇਖਦੇ ਹਾਂ
ਹਰ ਥਾਂ ਹੀ ਦੇਖਦੇ ਹਾਂ ਸੱਭਿਅਤਾ ਦੀ ਸ਼ਾਮ ਹੋਵੇ

ਚੌਵੀ ਦੇ ਚੌਵੀ ਘੰਟੇ ਸੁੱਤਾ ਹੈ ਜਨਕ ਰਹਿੰਦਾ
ਦੁਨੀਆਂ ਤੇ ਫੇਰ ਕਿੱਦਾਂ ਉਸ ਦਾ ਹੈ ਨਾਮ ਹੋਵੇ

ਤਮੰਨਾ ਹੈ ਮੇਰੀ ਚਾਹੇ ਮੇਰਾ ਜੀਵਨ ਗੁਜ਼ਰ ਜਾਵੇ
ਮਗਰ ਉਹ ਮੇਰੇ ਘਰ ਆਵੇ ਬੇਸ਼ਕ ਇੱਕ ਵਾਰ ਆਵੇ

ਮੇਰੀ ਭਟਕਣ ਖ਼ਤਮ ਹੋਵੇ ਮੇਰਾ ਜੀਵਨ ਸੰਵਰ ਜਾਵੇ
ਅਗਰ ਉਹ ਮੇਰੇ ਸਾਹਮਣੇ ਬੈਠ ਕੇ ਇੱਕ ਵਾਰ ਮੁਸਕਾਵੇ

ਸਮਝ ਸਕਿਆ ਨਹੀਂ ਹੁਣ ਤੱਕ ਮੈਂ ਇਸ ਦਿਲ ਦੀ ਕਹਾਣੀ ਨੂੰ
ਕਰਾਂ ਮੈਂ ਸ਼ੁਕਰ ਉਸ ਦਾ ਜੋ ਮੇਰੀ ਉਲਝਣ ਨੂੰ ਸੁਲਝਾਵੇ

ਬੜੇ ਹੀ ਆਦਮੀ ਬਰਬਾਦ ਕੀਤੇ ਇਸ਼ਕ ਨੇ ਦੇਖੇ
ਮੇਰੀ ਮੰਨੇ ਜੇ ਕੋਈ ਇਸ਼ਕ ਦੇ ਨਾ ਰਾਹ ਕਦੀ ਜਾਵੇ

ਉਹ ਦਾਮਨ ਫੜ ਲਵੇ ਮੇਰਾ ਬੇਸ਼ਕ ਝਟਕਾ ਦਵੇ ਦਾਮਨ
ਖ਼ੁਦਾ ਦਾ ਵਾਸਤਾ ਮੈਨੂੰ ਨਾ ਇਉਂ ਉਹ ਰੋਜ਼ ਟਰਕਾਵੇ

ਮੈਂ ਇਸ ਦੁਨੀਆਂ ਨੂੰ ਠੋਕਰ ਮਾਰ ਦਿੱਤੀ ਹੈ ਤੇਰੇ ਸਦਕਾ
ਜਨਕ ਜੇ ਤੂੰ ਕਹੇਂ ਉਸ ਨੂੰ ਉਹ ਸ਼ਾਇਦ ਤਰਸ ਖਾ ਜਾਵੇ

ਮੋਮਬੱਤੀ ਵਾਂਗ ਬਲ ਕੇ ਕਰ ਰਿਹਾ ਹਾਂ ਰੌਸ਼ਨੀ
ਕੋਈ ਸਮਝੇ ਜਾਂ ਨਾ ਸਮਝੇ ਇਹ ਹੈ ਮੇਰੀ ਬੰਦਗੀ

ਦਰਦ ਮੇਰਾ ਜਾਣ ਕੇ ਪੱਥਰ ਵੀ ਇਹ ਰੋ ਪੈਣਗੇ
ਪਰ ਕਿਸੇ ਬੇ-ਦਰਦ ਦੀ ਅੱਖ ਵਿਚ ਨਈਂ ਆਉਂਦੀ ਨਮੀ

ਬਾਗ਼ ਦੀ ਇਹ ਖ਼ੁਸ਼ਬੂ ਛੱਡ ਕੇ ਅੱਗ ਦਾ ਦਰਿਆ ਨਾ ਤਰ
ਯਾਰ ਮੇਰੇ ਕਿਉਂ ਤੂੰ ਕਰਦੈਂ ਨਾਲ ਮੇਰੇ ਦੁਸ਼ਮਣੀ

ਸਾਜ਼ਿਸ਼ਾਂ ਕਰਦੇ ਨੇ ਜਿਹੜੇ ਏਸ ਗੁਲਸ਼ਨ ਦੇ ਖਿਲਾਫ਼
ਪੰਛੀਆਂ ਮਿਲ ਕੇ ਉਹਨਾਂ ਦੀ ਭੰਨ ਦੇਣੀ ਹੈਂਕੜੀ

ਜ਼ਿੰਦਗੀ ਵਿੱਚ ਰੰਗ ਭਰਨਾ ਕਿਸ ਤੋਂ ਸਿੱਖਿਆ ਐ ਜਨਕ
ਮੈਨੂੰ ਸਮਝਾ ਤੂੰ ਰਤਾ ਜੇਕਰ ਹੈਂ ਰਖਦਾ ਦੋਸਤੀ

ੴ

ਮੈਨੂੰ ਥਿਆਇਆ ਭਾਲਿਆ ਮੇਰਾ ਹੀ ਘਰ ਨਹੀਂ
ਦੂਜੇ ਕਿਸੇ ਦੇ ਘਰ ਦੀ ਤਾਂ ਮੈਨੂੰ ਖ਼ਬਰ ਨਹੀਂ

ਸੀਨੇ ’ਤੇ ਮੈਂ ਲਿਖਾਇਆ ਹੈ ਨਾਂ ਤੇਰਾ ਤਾਂ ਜ਼ਰੂਰ
ਹੁਣ ਮੈਨੂੰ ਇਸ ਜਹਾਨ ਦਾ ਉੱਕਾ ਹੀ ਡਰ ਨਹੀਂ

ਖੁਸ਼ੀਆਂ ਤਮਾਮ ਮੈਂ ਤੇਰੀ ਝੋਲੀ ’ਚ ਪਾਈਆਂ
ਮੇਰੇ ’ਤੇ ਫਿਰ ਵੀ ਆਪ ਦੀ ਹੋਈ ਨਜ਼ਰ ਨਹੀਂ

ਮੈਂ ਤਾਂ ਗੁਜ਼ਰ ਹਾਂ ਕਰ ਗਿਆ ਇਹ ਹੋਰ ਬਾਤ ਹੈ
ਲੇਕਿਨ ਜ਼ਮਾਨਾ ਕਰ ਸਕੂਗਾ ਦਰ ਗੁਜ਼ਰ ਨਹੀਂ

ਜਿਸ ਨੇ ਸੀ ਮੈਨੂੰ ਆਖਿਆ ਤੇਰੇ ਹਾਂ ਨਾਲ ਮੈਂ
ਉਹ ਸ਼ਖਸ ਮੈਨੂੰ ਉਮਰ ਭਰ ਆਇਆ ਨਜ਼ਰ ਨਹੀਂ

ਅਕਲਾਂ ਤੋਂ ਹੀਣੇ ਰੋਜ਼ ਨਵਾਜ਼ੇ ਨੇ ਜਾ ਰਹੇ
ਹਾਂ ਪਰ ਕਿਸੇ ਗੁਨਵਾਨ ਦੀ ਹੁੰਦੀ ਕਦਰ ਨਹੀਂ

ੴ

ਉਹ ਲਗਦਾ ਪੈਸੇ ਨੂੰ ਹੀ ਪਿਆਰ ਦਾ ਹੈ
ਮਗਰ ਮੈਨੂੰ ਘਰੋਂ ਦੁਰਕਾਰ ਦਾ ਹੈ

ਬੁਝਾਉਂਦੇ ਪਿਆਸ ਹਨ ਝਰਨੇ ’ਚੋਂ ਲੋਕੀਂ
ਉਹ ਘੁਟ ਸਬਰ ਦਾ ਭਰ ਕੇ ਸਾਰਦਾ ਹੈ

ਵਿਛੇ ਹਨ ਜਿਸ ਦੀਆਂ ਰਾਹਾਂ ’ਚ ਕੰਡੇ
ਸਫ਼ਰ ਦਾ ਉਹ ਇਰਾਦਾ ਧਾਰਦਾ ਹੈ

ਕਰਾਂ ਪੂਜਾ ਨਾ ਕਿਉਂ ਮੈਂ ਬੱਦਲਾਂ ਦੀ
ਹਰੇਕ ਬੱਦਲ ਹੀ ਧਰਤੀ ਠਾਰਦਾ ਹੈ

ਉਹ ਖੇਡੇ ਡਾਲਰਾਂ ਸੰਗ ਚਾਹੇ ਨਿੱਤ ਹੀ
ਅਸਾਂ ਨੂੰ ਆਸਰਾ ਕਰਤਾਰ ਦਾ ਹੈ

ਖਰਾ ਖੋਟਾ ਪਰਖ ਲੈਂਦਾ ਹੈ ਸੋਨਾ
ਜਨਕ ਸ਼ਾਗਿਰਦ ਇੱਕ ਸੁਨਿਆਰ ਦਾ ਹੈ

ਉਹ ਮੇਰੇ ਕੋਲ ਖੁਦ ਆਇਆ ਹੈ ਉਸ ਦਾ ਸ਼ੁਕਰੀਆ ਹੈ
ਦਿਲਾਂ ਦਾ ਹੋ ਗਿਆ ਕਾਇਮ ਦੁਬਾਰਾ ਰਾਬਤਾ ਹੈ

ਮੁਹੱਬਤ ਵਿੱਚ ਨਫ਼ਾ ਘਾਟਾ ਉਹ ਅਕਸਰ ਵੇਖਦਾ ਹੈ
ਨਕੰਮਿਆ ਇਸ਼ਕ ਵਿੱਚ ਵੀ ਕਿਸੇ ਖੱਟਿਆ ਨਫ਼ਾ ਹੈ

ਭਰਮ ਇਹ ਤੇਰੇ ਦਿਲ ਦੈ ਮੈਂ ਸਮੁੰਦਰ ਡੀਕ ਜਾਊਂ
ਬਥੇਰੇ ਤੁਰ ਗਏ ਫਿਰ ਵੀ ਇਹ ਭਰਿਆ ਹੀ ਪਿਆ ਹੈ

ਕਿਸੇ ਮਾੜੇ ਨੂੰ ਵੀ ਮਾੜਾ ਨਾ ਸਮਝੀਂ ਦੁਸ਼ਮਣਾਂ ਤੂੰ
ਹਰਿਕ ਦਿਲ ਰੱਖਦਾ ਹੈ ਖਾਹਿਸ਼ ਹਰਿਕ ਦਿਲ ਧੜਕਦਾ ਹੈ

ਤੂੰ ਇਹ ਮਹਿਸੂਸ ਕਰਦੈਂ ਖੰਭਾਂ ਬਿਨਾਂ ਉਡਦਾ ਨਹੀਂ ਪੰਛੀ
ਇਹ ਦਿਲ ਹੀ ਹੈ ਜੋ ਖੰਭਾਂ ਤੋਂ ਬਿਨਾਂ ਹੀ ਘੁੰਮਦਾ ਹੈ

ਅਚੰਭਾ ਹੈ ਉਹ ਆਇਆ ਆ ਕੇ ਐਪਰ ਮੁੜ ਗਿਆ ਏ
ਉਦ੍ਹਾ ਇਕ ਪਲ ਵੀ ਨਾ ਰੁਕਣਾ ਬੜਾ ਹੀ ਰੜਕਦਾ ਹੈ

ਕੋਈ ਰਿਸ਼ਤਾ ਵੀ ਜਨਕ ਏਥੇ ਨਹੀਂ ਮਜ਼ਬੂਤ ਦਿਸਦਾ
ਰੁਪੈ ਦਾ ਹੀ ਉਹ ਰਿਸ਼ਤੈ ਜਿਹੜਾ ਹੁਣ ਤੱਕ ਸਾਬਤਾ ਹੈ

ੴ

ਵਿਗੜੀਆਂ ਗੱਲਾਂ ਸੰਵਾਰਨ ਦਾ ਸਮਾਂ ਕੱਢਿਆ ਕਰੋ
ਜਿਸ ਤਰ੍ਹਾਂ ਚਲਦੀ ਹੈ ਦੁਨੀਆਂ ਉਸ ਤਰ੍ਹਾਂ ਚੱਲਿਆ ਕਰੋ

ਮੈਂ ਲਿਖੀ ਹੈ ਇਸ ਜ਼ਮਾਨੇ ਦੀ ਕਹਾਣੀ ਸ਼ਾਨਦਾਰ
ਇਹ ਕਹਾਣੀ ਰੋਜ਼ ਖੁਦ ਪੜ੍ਹਿਆ ਕਰੋ ਹੱਸਿਆ ਕਰੋ

ਆਪ ਫੁੱਲਾਂ ਨਾਲ ਖੇਡਣ ਦਾ ਬਹੁਤ ਰੱਖਦੇ ਹੋ ਸ਼ੌਕ
ਭੁੱਲ-ਭੁਲੇਖੇ ਕੰਡਿਆਂ ਵੱਲ ਵੀ ਕਦੀ ਤੱਕਿਆ ਕਰੋ

ਤੈਨੂੰ ਇਸ ਦਿਲ ਦਾ ਪਤਾ ਹੈ ਕਿਸ ਕਦਰ ਨਾਜ਼ੁਕ ਹੈ ਇਹ
ਏਸ ਦਿਲ ’ਤੇ ਠੋਕਰਾਂ ਨਾ ਮਾਰ ਕੇ ਜਾਇਆ ਕਰੋ

ਰੋਜ਼ ਹੀ ਲੜਨਾ ਝਗੜਨਾ ਇਹ ਖਰੀ ਆਦਤ ਨਹੀਂ
ਇਸ ਤੋਂ ਚੰਗਾ ਹੈ ਕਿ ਸਭ ਨੂੰ ਹੱਸ ਕੇ ਮਿਲਿਆ ਕਰੋ

ਇਸ ਮਿਰੇ ਘਰ ਆਉਣ ਦੀ ਕੋਈ ਮਨਾਹੀ ਤਾਂ ਨਹੀਂ
ਆਪ ਹੀ ਦਾ ਘਰ ਹੈ ਇਹ ਆਇਆ ਕਰੋ ਜਾਇਆ ਕਰੋ

੮੦੭

ਆਪਣੀ ਔਕਾਤ ਵੀ ਕੁਝ ਲੋਕ ਦਿੰਦੇ ਹਨ ਭੁਲਾ
ਤੋੜ ਦਿੰਦੇ ਹਨ ਪਵਿੱਤਰ ਰਿਸ਼ਤਿਆਂ ਨੂੰ ਬੇਵਜ੍ਹਾ

ਇਸ਼ਕ ਦਾ ਰਸਤਾ ਤਾਂ ਚੁਣਦੇ ਹਨ ਮਗਰ ਮੁਸ਼ਕਿਲ ਦੇ ਵਕਤ
ਆਪ ਹੋ ਜਾਂਦੇ ਨੇ ਪਾਸੇ ਦੂਸਰੇ ਘਰ ਅੱਗ ਲਾ

ਭੋਲੇ ਪਣ ਵਿੱਚ ਭੋਲੀਆਂ ਅੱਖਾਂ ਤਾਂ ਲਾ ਲੈਂਦੇ ਨੇ ਲੋਕ
ਹੋਸ਼ ਜਦ ਆਉਂਦੀ ਹੈ ਹੋ ਜਾਂਦੇ ਪਰੇ ਹਨ ਬੇ-ਹਯਾ

ਐਬ ਹੁੰਦੇ ਹੀ ਨੇ ਯਾਰੋ ਹਰ ਕਿਸੇ ਇਨਸਾਨ ਵਿੱਚ
ਦੂਜਿਆਂ ਦੇ ਐਬ ਕੱਢਣ ਆਪਣੇ ਲੈਂਦੇ ਹਨ ਲੁਕਾ

ਦਿਲ 'ਚ ਚਾਹੇ ਦੁਸ਼ਮਣੀ ਹੋਵੇ ਜਾਂ ਹੋਵੇ ਦੋਸਤੀ
ਪਰ ਆਪਣੇ ਫਾਇਦੇ ਲਈ ਉਹ ਕੁਝ ਦਾ ਕੁਝ ਦਿੰਦੇ ਬਣਾ

ਕਹਿੰਦਾ ਸੀ ਜੋ ਫੁੱਲ ਵਿਛਾਊਂ ਥੋੜਿਆਂ ਰਾਹਾਂ ਦੇ ਵਿੱਚ
ਪਰ ਸਮਾਂ ਆਉਂਦਾ ਜਦੋਂ ਤਾਂ ਕੰਡੇ ਦਿੰਦਾ ਹੈ ਵਿਛਾ

ਖ਼ੂਨ ਵਿੱਚ ਜਜ਼ਬਾ ਜੋ ਰੱਖਣ ਮਰ ਮਿਟਣ ਦਾ ਹਰ ਘੜੀ
ਇਸ ਤਰ੍ਹਾਂ ਦੇ ਸ਼ਖਸ ਲੈਂਦੇ ਆਪਣੀ ਕਿਸਮਤ ਜਗਾ

## ੬੦੭

ਐ ਮੇਰੇ ਸਾਹ ਠਹਿਰ ਜਾ ਪਰ ਹੌਲੀ ਹੌਲੀ
ਦੁਸ਼ਮਣਾਂ ਨਸ਼ਤਰ ਚਲਾ ਪਰ ਹੌਲੀ-ਹੌਲੀ

ਖ਼ਤਮ ਹੋਣੈ ਖੇਲ ਅਕਸਰ ਖੇਲ ਹੀ ਸੀ
ਸੋਹਣਿਆਂ ਪਰਦਾ ਗਿਰਾ ਪਰ ਹੌਲੀ-ਹੌਲੀ

ਮੈਂ ਸਮਝ ਸਕਿਆ ਨਹੀਂ ਜੋ ਉਸ ਕਿਹਾ ਸੀ
ਉਸ ਨੇ ਕੁਝ ਕੰਨ ਵਿੱਚ ਕਿਹਾ ਪਰ ਹੌਲੀ-ਹੌਲੀ

ਫੁੱਲਾਂ ਕਮਲਾਉਣਾ ਹੀ ਸੀ ਉਹ ਫੁੱਲ ਹੀ ਸੀ
ਗ਼ਮ ਤੇਰਾ ਮਿਟ ਜਾਵੇਗਾ ਪਰ ਹੌਲੀ-ਹੌਲੀ

ਰਾਤ ਕਿੰਨੀ ਵੀ ਹਨ੍ਹੇਰੀ ਹੋਵੇ ਬੇਸ਼ਕ
ਆਊਗੀ ਆਖ਼ਿਰ ਸੁਬ੍ਹਾ ਪਰ ਹੌਲੀ-ਹੌਲੀ

## ੬੦੩

ਕਿਸੇ ਤੋਂ ਮੈਂ ਕਦੀ ਕੀਤਾ ਨਾ ਪਰਦਾ
ਪਰਾਇਆ ਹੈ ਕੋਈ ਆਪਣੇ ਹੀ ਘਰ ਦਾ

ਖ਼ਬਰ ਹੈ ਕੈਦ ਇੱਕ ਸ਼ਾਇਰ ਭੁਗਤਦੈ
ਗ਼ਲਤ ਨਾ ਅਰਥ ਕੱਢਾਂ ਇਸ ਖ਼ਬਰ ਦਾ

ਮਸੀਹਾ ਇੱਕ ਵੀ ਮਿਲਿਆ ਨਾ ਅੱਜ ਤੱਕ
ਜੋ ਇਸ ਬੀਮਾਰ ਦਾ ਚਾਰਾ ਵੀ ਕਰਦਾ

ਚੁਭਾ ਦਿੰਦਾ ਹੈ ਉਹ ਝੱਟ ਦਿਲ 'ਤੇ ਨਸ਼ਤਰ
ਬੜਾ ਹੈ ਤੇਜ਼ ਨਸ਼ਤਰ ਉਸ ਨਜ਼ਰ ਦਾ

ਨਾ ਲੱਗੇ ਰੌਸ਼ਨੀ ਸੂਰਜ ਦੀ ਚੰਗੀ
ਹੈ ਮੈਨੂੰ ਚੰਨ ਦਾ ਚਾਨਣ ਵੀ ਅਥਰ ਦਾ

ਪੁਰੇ ਦੀ ਵਾਅ ਵਗੇ ਲਗਦੀ ਖਰੀ ਹੈ
ਮਗਰ ਪੱਛੋਂ ਬਿਨਾਂ ਨਾ ਮੂਲ ਸਰਦਾ

ਬਣਾ ਕੇ ਮਹਿਲ ਕੀ ਸ਼ੀਸ਼ੇ ਦਾ ਕਰਨੈਂ ?
ਮੈਂ ਆਦੀ ਹੋ ਗਿਆ ਪਥਰੀਲੇ ਘਰ ਦਾ

ਅੱਜ ਮੇਰੇ ਜ਼ਿਹਨ ’ਚੋਂ ਉਠਦੇ ਅਨੇਕਾਂ ਹਨ ਸਵਾਲ
ਕਹਿ ਰਿਹੈ ਉਹ ਯਾਰ ਦੇ ਸੰਗ ਜਾ ਰਿਹੈ ਲੋਕਾਂ ਦੇ ਨਾਲ

ਮੈਂ ਨਿਰੰਤਰ ਜਾ ਰਿਹਾ ਹਾਂ ਸਿੱਧਾ ਮੰਜ਼ਿਲ ਦੀ ਤਰਫ਼
ਨਾ ਕਦਮ ਅਟਕੇ ਨੇ ਮੇਰੇ ਨਾ ਪਈ ਹੈ ਮੱਠੀ ਚਾਲ

ਕਿਹੜਾ ਫੁੱਲ ਹੈ ਜੋ ਇਹਨਾਂ ਜ਼ੁਲਫਾਂ ਨੂੰ ਮਹਿਕਾਉਂਦਾ ਹੈ ਰੋਜ਼
ਹੈ ਇਹ ਖੁਸ਼ਬੋਈ ਅਵੱਲੀ ਆਖਦਾ ਮੈਂ ਧਰਮ ਨਾਲ

ਤੂੰ ਕਹੇਂ ਮਕਤਲ ’ਚ ਜਾ ਕੇ ਮੈਂ ਕਟਾ ਦੇਵਾਂ ਇਹ ਸਿਰ
ਤੂੰ ਕਹੇਂ ਤਾਂ ਹੋਰ ਕੁਝ ਦਿਨ ਮੌਤ ਮੈਂ ਸਕਦਾ ਹਾਂ ਟਾਲ

ਮੈਂ ਕੋਈ ਜੁਗਨੂੰ ਨਹੀਂ ਜੋ ਦਿਨ ਚੜ੍ਹੇ ਖੋ ਦੇਵੇ ਹੋਂਦ
ਜੋ ਹਿਲਾ ਦਿੰਦਾ ਹੈ ਧਰਤੀ ਮੈਂ ਤਾਂ ਹਾਂ ਐਸਾ ਭੂਚਾਲ

ਕੌਣ ਸੁਣਦਾ ਹੈ ਮਿਰੀ ਆਵਾਜ਼ ਉੱਜੜੇ ਸ਼ਹਿਰ ਵਿੱਚ
ਮੈਂ ਹਾਂ ਆਸ਼ਿਕ ਯਾਰ ਜੋ ਚਿਹਰੇ ’ਤੇ ਰੱਖਦਾ ਹਾਂ ਜਲਾਲ

ਮੈਂ ਕਰਾਂਗਾ ਸ਼ੌਕ ਪੂਰੇ ਕਿਸ ਤਰ੍ਹਾਂ ਤੇਰੇ ਬਗੈਰ
ਵਾਂਝ ਤੇਰੇ ਮੈਂ ਸਮਝਦਾ ਹਾਂ ਖ਼ਰਾ ਹੋਣਾ ਹਲਾਲ

ਬੁਝ ਚੁਕਿਆ ਜੋ ਦਿਲ ਦਾ ਦੀਪਕ ਤੂੰ ਇਕ ਵਾਰ ਜਗਾ ਜਾਵੀਂ
ਜਾਂ ਫਿਰ ਸੀਨੇ ਮੇਰੇ ਦੇ ਵਿੱਚ ਖੰਜਰ ਪਾਰ ਲੰਘਾ ਜਾਵੀਂ

ਖੁਸ਼ਕ ਹਵਾਵਾਂ ਚੱਲਣ ਹਰ ਦਿਨ ਮੇਰੇ ਸ਼ਹਿਰ 'ਚ ਰਾਤ-ਦਿਨੇ
ਇੱਕ ਬਦਲੀ ਆਵੇ ਤੇ ਬਰਸੇ ਬਦਲੀ ਨੂੰ ਸਮਝਾ ਜਾਵੀਂ

ਕਾਲੇ ਬੱਦਲ ਕਤਲ ਕਰ ਰਹੇ ਕਾਲੀਆਂ ਨਿੱਘੀਆਂ ਧੁੱਪਾਂ ਦਾ
ਆਪਣੇ ਮੁੱਖ ਦੀਆਂ ਰਿਸ਼ਮਾਂ ਯਾਰਾਂ ਮੇਰੇ ਘਰ ਰੁਸ਼ਨਾ ਜਾਵੀਂ

ਪੱਕਾ ਤੇ ਮਜ਼ਬੂਤ ਇਰਾਦਾ ਮੈਂ ਰਖਦੈਂ ਬਦਲਾਊ ਕੌਣ
ਲੱਖ ਵਾਰ ਅਜ਼ਮਾਇਆ ਹੈ ਤੈਂ ਕੇਰਾਂ ਫਿਰ ਅਜ਼ਮਾ ਜਾਵੀਂ

ਤੇਰੀ ਝਾਂਜਰ ਦਾ ਛਣਕਾਟਾ ਲੂੰਹਦਾ ਮੇਰਾ ਲੂੰ-ਲੂੰ ਹੈ
ਮੈਂ ਮਰਿਆ ਵੀ ਫਿਰ ਉੱਠਾਂਗਾ ਝਾਂਜਰ ਨੂੰ ਛਣਕਾ ਜਾਵੀਂ

ਜੇ ਮੇਰਾ ਘਰ ਬਾਰ ਸਾੜ ਕੇ ਦਿਲ ਠਰ ਜਾਵੇ ਜਨਕ ਤੇਰਾ
ਜੀਅ ਸਦਕਾ ਤੂੰ ਆਪਣੇ ਹੱਥੀਂ ਇਸ ਘਰ ਨੂੰ ਅੱਗ ਲਾ ਜਾਵੀਂ

ਹਰ ਜਗ੍ਹਾ ਬਾਰੂਦ ਦਾ ਇੱਕ ਢੇਰ ਨਜ਼ਰੀਂ ਆ ਰਿਹੈ
ਹੱਥਾਂ ਨੂੰ ਖਾਂਦੇ ਨੇ ਹੱਥ ਬੰਦੇ ਨੂੰ ਬੰਦਾ ਖਾ ਰਿਹੈ

ਮੈਂ ਤਾਂ ਆਪਣੇ ਸ਼ਹਿਰ 'ਚੋਂ ਹੀ ਹੋ ਗਿਆ ਹਾਂ ਲਾਪਤਾ
ਕਿਸ ਗਰਾਂ ਰਹਿੰਦਾ ਸਾਂ ਮੈਂ ਮੈਨੂੰ ਇਹ ਭੁਲਦਾ ਜਾ ਰਿਹੈ

ਇਸ ਸਫ਼ਰ ਵਿੱਚ ਬਣ ਕੇ ਮੁਹਰੀ ਫੇਰ ਪਿੱਛੇ ਰਹਿ ਗਿਐਂ
ਇਹ ਜ਼ਮਾਨਾ ਤੇਰੇ ਸਿਰ ਇਲਜ਼ਾਮ ਤਾਂ ਹੀ ਲਾ ਰਿਹੈ

ਇਹਨਾਂ ਉਡਦੇ ਪੰਛੀਆਂ 'ਤੇ ਦੋਸ਼ ਨਾ ਲਾਓ ਤੁਸੀਂ
ਪੰਛੀਆਂ ਦੇ ਆਲ੍ਹਣੇ ਤਾਂ ਰੋਜ਼ ਮਾਲੀ ਢਾ ਰਿਹੈ

ਕੀ ਪਤਾ ਹੈ ਕੌਣ ਆਉਂਦੈਂ ਪਿੱਛੇ-ਪਿੱਛੇ ਅੱਜ ਮੇਰੇ
ਯਾਰ ਹੈ? ਦੁਸ਼ਮਣ ਹੈ? ਕਿਹੜਾ ਏਸ ਦਾ ਚੇਤਾ ਰਿਹੈ

ਬੇ-ਕਸੂਰਾਂ ਦਾ ਗਲਾ ਤੂੰ ਘੁੱਟ ਕੇ ਕਿਉਂ ਮਾਰਦੈਂ
ਐ ਜਨਕ ਤੇਰਾ ਚਲਣ ਹਰ ਸੋਚ ਨੂੰ ਉਲਝਾ ਰਿਹੈ

ਚੜ੍ਹਦੇ ਦਿਨ ਦੀ ਲਾਲੀ ਕੀਤੀ ਸਾਰੀ ਤੇਰੇ ਨਾਮ ਅਸੀਂ
ਆਪਣੇ ਨਾਂ ਲਿਖਵਾ ਆਏ ਹਾਂ ਕਾਲੀ-ਗੂੜੀ ਸ਼ਾਮ ਅਸੀਂ

ਹੰਝੂ ਹੌਕੇ ਤਰਲੇ ਮਿੰਨਤਾਂ ਦਰਦਾਂ ਭਰੀ ਕਹਾਣੀ ਹੈ
ਇਸ ਹਾਲਤ ਵਿੱਚ ਦੱਸੋ ਕਿੱਦਾਂ ਭੇਜਾਂਗੇ ਪੈਗ਼ਾਮ ਅਸੀਂ

ਤੇਰੀ ਪੈੜ 'ਚ ਪੈੜ ਧਰਾਂਗੇ ਰੁਕਾਂਗੇ ਮੰਜ਼ਿਲ 'ਤੇ ਜਾ ਕੇ
ਤੇਰੀ ਅਗਵਾਈ ਦਾ ਚਰਚਾ ਕਰ ਦੇਵਾਂਗੇ ਆਮ ਅਸੀਂ

ਮਰ ਚੱਲੇ ਹਾਂ ਸੜ ਚੱਲੇ ਹਾਂ ਇਹ ਦਿਲ ਦੀ ਬੇ-ਤਾਬੀ ਹੈ
ਸਬਰ ਸਿਦਕ ਰੱਖਿਆ ਏ ਕਾਇਮ ਕਦ ਰਹਿਣੈ ਗੁੰਮ ਨਾਮ ਅਸੀਂ

ਇਹ ਸਾਨੂੰ ਮਨਜ਼ੂਰ ਨਹੀਂ ਹੈ ਬਦਨਾਮੀ ਹੋਵੇ ਤੇਰੀ
ਆਪਣੇ ਸਿਰ 'ਤੇ ਲੈ ਲੈਂਦੇ ਹਾਂ ਤੇਰਾ ਹਰ ਇਲਜ਼ਾਮ ਅਸੀਂ

ਹਰ ਰਿਸ਼ਤੇ ਵਿੱਚ ਜ਼ਹਿਰ ਘੁਲੀ ਹੈ ਤਾਂ ਹੀ ਟੁੱਟਦੇ ਜਾਂਦੇ ਨੇ
ਤਾਂ ਹੀ ਆਪਣੀ ਬਸਤੀ ਦੇ ਵਿੱਚ ਹੋਏ ਹਾਂ ਬਦਨਾਮ ਅਸੀਂ

ੴ

ਹਾਏ ਕਸਵੱਟੀ ਤੇ ਸੋਨਾ ਪਰਖਦਾ ਕੋਈ ਨਹੀਂ
ਕੋਲਿਆਂ ਵਿੱਚੋਂ ਵੀ ਹੀਰਾ ਕੱਢਦਾ ਕੋਈ ਨਹੀਂ

ਮੌਜ਼ ਮਸਤੀ ਭਾਲਦਾ ਹੈ ਆਸ਼ਿਕਾਂ ਦਾ ਦਿਲ ਹਮੇਸ਼
ਮੁਸ਼ਕਿਲਾਂ ਦਾ ਭਾਰ ਸਿਰ 'ਤੇ ਚੁੱਕਦਾ ਕੋਈ ਨਹੀਂ

ਬੋਲ ਕੌੜੇ ਬੋਲਦਾ ਹੈ ਆਦਮੀ ਹਰ ਦੇਖ ਲਉ
ਬੋਲ ਅਮ੍ਰਿਤ ਦੇ ਭਰੇ ਅੱਜ ਬੋਲਦਾ ਕੋਈ ਨਹੀਂ

ਝੂਠ ਹੀ ਪ੍ਰਧਾਨ ਬਣ ਕੇ ਰਹਿ ਗਿਆ ਹੈ ਹਰ ਘਰੇ
ਸੱਚ ਦੀ ਕਿਉਂ ਭਾਲ ਕਰਦਾ ਦੋਸਤਾ ਕੋਈ ਨਹੀਂ

ਲਿਸ਼ਕਦੇ ਚਿਹਰੇ ਨੂੰ ਲੋਕੀਂ ਰੋਜ਼ ਕਰਦੇ ਹਨ ਸਲਾਮ
ਚਿਹਰੇ ਜੋ ਮੁਰਝਾ ਗਏ ਹਨ ਪੁੱਛਦਾ ਕੋਈ ਨਹੀਂ

ਬਿਰਖ ਦੇ ਵਾਂਗੂੰ ਤੂੰ ਕਰ ਲੈ ਤਕੜਾ ਆਪਣਾ ਹੌਂਸਲਾ
ਏਸ ਜੱਗ 'ਤੇ ਦੁਰਬਲਾਂ ਨੂੰ ਪੁੱਛਦਾ ਕੋਈ ਨਹੀਂ

ਤੇਰੇ ਰੁਖ਼ਸਾਰਾਂ ਤੇ ਸੁਰਖੀ ਆ ਗਈ ਹੈ ਕਿਸ ਤਰ੍ਹਾਂ
ਤੇਰਿਆਂ ਰਾਹਾਂ 'ਚੋਂ ਜੇਕਰ ਲੰਘਿਆ ਕੋਈ ਨਹੀਂ

ੴ

ਪੈਂਡਿਆਂ ਦਰ ਪੈਂਡਿਆਂ ’ਚੋਂ ਮੈਂ ਗੁਜ਼ਰਦਾ ਜਾ ਰਿਹੈਂ
ਨਾ ਕਿਤੇ ਰੁਕਦਾ ਨਾ ਥਕਦਾ ਨਾ ਰਤਾ ਘਬਰਾ ਰਿਹੈਂ

ਨਾ ਮੁਆਫ਼ਿਕ ਹੈ ਇਹ ਮੌਸਮ ਦਿਲ ’ਚ ਪਰ ਹੈ ਤਾਜ਼ਗੀ
ਆਉਣ ਵਾਲੀ ਨਸਲ ਦੇ ਰਾਹਾਂ ਨੂੰ ਮੈਂ ਰੁਸ਼ਨਾ ਰਿਹੈਂ

ਜਿਸ ਦੀ ਰਗ-ਰਗ ਵਿੱਚ ਲਹੂ ਹੈ ਦੌੜਦਾ ਤੇਜ਼ੀ ਦੇ ਨਾਲ
ਉਸ ਦਿਲ ਵਾਲੇ ਦੀਆਂ ਪੈੜਾਂ ਮੈਂ ਲਭਦਾ ਆ ਰਿਹੈਂ

ਮੇਰੇ ਮੱਥੇ ’ਤੇ ਤਰੇਲੀ ਅੱਜ ਤੱਕ ਆਈ ਨਹੀਂ
ਹੋਣੀਆਂ ਦੇ ਨਾਲ ਟਕਰਾ ਕੇ ਵੀ ਮੈਂ ਮੁਸਕਾ ਰਿਹੈਂ

ਮਾਂਗ ਨਾ ਪੂੰਝੇ ਕੋਈ ਨਾ ਵੰਗ ਹੀ ਟੁੱਟੇ ਕਦੇ
ਏਦਾਂ ਦੇ ਮਾਹੌਲ ਦੀ ਮੈਂ ਸਿਰਜਣਾ ਕਰਦਾ ਰਿਹੈਂ

ਐ ਜਨਕ ਮੈਂ ਜ਼ਹਿਰ ਵੀ ਪੀ ਸਕਦਾ ਹਾਂ ਸ਼ੰਕਰ ਦੇ ਵਾਂਗ
ਜ਼ਿੰਦਗੀ ਖ਼ਾਤਰ ਮੈਂ ਕਾਬੂ ਮੌਤ ਉੱਤੇ ਪਾ ਰਿਹੈਂ

ਤੂੰ ਅੱਗ ਅੰਦਰ ਇਹ ਫੁੱਲ ਕਲੀਆਂ ਮਚਾਈ ਜਾ ਰਿਹੈਂ ਕਾਹਤੋਂ
ਇਹਨਾਂ ਖੁਸ਼ਬੂਆਂ ਨੂੰ ਤੀਲੀ ਤੂੰ ਲਾਈ ਜਾ ਰਿਹੈਂ ਕਾਹਤੋਂ

ਤੁਫ਼ਾਨ ਆਵੇਗਾ ਤਾਂ ਮਿੱਟੀ 'ਚ ਮਿਲ ਜਾਵੇਗਾ ਸਾਰਾ ਕੁਝ
ਸਮੁੰਦਰ ਦੇ ਕਿਨਾਰੇ ਘਰ ਤੂੰ ਪਾਈ ਜਾ ਰਿਹੈਂ ਕਾਹਤੋਂ

ਤੂੰ ਨਚਦੈਂ ਚੜ੍ਹ ਕੇ ਟੀਸੀ 'ਤੇ ? ਸਰਾਸਰ ਇਹ ਹਕਾਮਤ ਹੈ ?
ਸਮਝਦਾਰੀ ਤੋਂ ਸੱਜਣਾਂ ਦੂਰ ਜਾਈ ਜਾ ਰਿਹੈਂ ਕਾਹਤੋਂ

ਫ਼ਕਤ ਨਾਗਾਂ ਦਾ ਘਰ ਹੈ ਉਸ ਦਾ ਅੜਿਆ ਤੂੰ ਰਹੀਂ ਬਚ ਕੇ
ਕਦਮ ਆਪਣੇ ਤੂੰ ਉਧਰ ਹੀ ਉਠਾਈ ਜਾ ਰਿਹੈਂ ਕਾਹਤੋਂ

ਉਹਨਾਂ ਨੇ ਹੱਥ ਕਿਉਂ ਖਿੱਚਿਆ ਯਕੀਨਨ ਰਾਜ਼ ਹੈ ਕੋਈ
ਤੂੰ ਆਪਣਾ ਹੱਥ ਮੁੜ-ਮੁੜ ਕੇ ਵਧਾਈ ਜਾ ਰਿਹੈਂ ਕਾਹਤੋਂ

ਇਹਨਾਂ ਫੁੱਲਾਂ ਖਿੜੇ ਰਹਿਣਾ ਨਹੀਂ ਮੁਰਝਾ ਹੀ ਜਾਣਾ ਏ
ਜਨਕ ਇਹਨਾਂ 'ਤੇ ਤੂੰ ਨਜ਼ਰਾਂ ਟਿਕਾਈ ਜਾ ਰਿਹੈਂ ਕਾਹਤੋਂ

ਤੇਰਾ ਇਹ ਬਾਗ ਕਿਉਂ ਸੁੱਕਿਆ ? ਤੂੰ ਦੱਸ ਜਾ ਬਾਗ ਦੀ ਪਰੀਏ
ਅਸੀਂ ਇਲਜ਼ਾਮ ਸੁੱਕੇ ਬਾਗ ਦਾ ਕਿਸ ਸ਼ਖ਼ਸ ’ਤੇ ਧਰੀਏ

ਮੇਰੇ ਜ਼ਖ਼ਮਾਂ ’ਤੇ ਬਦਬਖ਼ਤੋਂ ਤੁਸੀਂ ਕਿਉਂ ਲੂਣ ਭੁੱਕਦੇ ਹੋ,
ਹਕੀਮ ਏਥੇ ਨਹੀਂ ਦਿਸ ਦਾ ਇਲਾਜ਼ ਇਸ ਦਾ ਕਿਵੇਂ ਕਰੀਏ

ਕਿਸੇ ਦੇ ਦਿਲ ਦਾ ਸ਼ੀਸ਼ਾ ਸ਼ਿਅਰ ਲਿਖ ਕੇ ਜੇ ਸਜਾਉਣਾ ਨਈਂ
ਲਕੀਰਾਂ ਪੁਠੀਆਂ–ਸਿੱਧੀਆਂ ਵਾਹ ਕੇ ਇਹ ਕਾਲਾ ਤਾਂ ਨਾ ਕਰੀਏ

ਜੇ ਮਰਨਾ ਹੈ ਮੁਹੱਬਤ ਵਿੱਚ ਮਰੋ, ਕੁਝ ਲੁਤਫ਼ ਤਾਂ ਆਵੇ
ਨਾ ਕਰੀਏ ਖ਼ੁਦਕੁਸ਼ੀ ਤੇ ਮੌਤ ਸਿਰ ਇਲਜ਼ਾਮ ਕਿਉਂ ਧਰੀਏ

ਜੇ ਲਾਉਣੀ ਹੈ ਤਾਂ ਹਰ ਵਿਹੜੇ ’ਚ ਲਾਓ ਪਿਆਰ ਦੀ ਰਿਮ–ਝਿਮ
ਮਗਰ ਵਸਦੇ ਘਰਾਂ ਵਿਚ ਵਰਖਾ ਅੰਗਿਆਰਿਆਂ ਦੀ ਨਾ ਕਰੀਏ

ਜੇ ਡਰਨਾ ਹੈ ਹਮੇਸ਼ਾ ਝੂਠ ਬੋਲਣ ਤੋਂ ਡਰੋ ਯਾਰੋ
ਹਮੇਸ਼ਾ ਸੱਚ ਬੋਲਣ ਦਾ ਅਸੀਂ ਅੱਜ ਫੈਸਲਾ ਕਰੀਏ

ਜਨਕ ਖੁਸ਼ਹਾਲੀਆਂ ਆਈਆਂ ਤਾਂ ਫਿਰ ਸਭ ਨੂੰ ਪਤਾ ਲੱਗੂ
ਹਰੇਕ ਪਿੰਡ ਦਾ ਹਰੇਕ ਘਰ ਹੀ ਜੇ ਗੁਲਦਸਤਾ ਬਣਾ ਧਰੀਏ

ਬੂਰ ਜੇ ਰੀਝਾਂ ਦਾ ਆਇਐ ਫਲ ਵੀ ਲੱਗੂ ਲਾਜ਼ਮੀ
ਨ੍ਹੇਰ ਵਧਦਾ ਹੈ ਜਦੋਂ ਆਉਂਦੀ ਤਦੇ ਹੈ ਰੌਸ਼ਨੀ

ਛੁਪ ਕੇ ਕਾਹਤੋਂ ਵਾਰ ਕਰਦੈ ਕੰਡ ਉੱਤੇ ਦੋਸਤਾ
ਮੈਂ ਖੜ੍ਹਾ ਹਿੱਕ ਤਾਣ ਕੇ ਹਾਂ ਫੇਰ ਝਕਦੈਂ ਕਿਸ ਲਈ

ਮੈਂ ਸਮੁੰਦਰ ਤਰ ਨਹੀਂ ਸਕਦਾ ਇਹ ਤੇਰਾ ਭਰਮ ਹੈ
ਆਸ਼ਕੀ ਸਿੱਖੀ ਹੈ ਕਰਨੀ ਮੈਂ ਤਾਂ ਸੱਚੀ ਆਸ਼ਕੀ

ਹਰ ਤਰ੍ਹਾਂ ਲਾਚਾਰ ਹਾਂ ਮੈਂ ਫੇਰ ਵੀ ਮੁਸਕਾ ਰਿਹੈਂ
ਚਿਰ ਤੋਂ ਛਾਈ ਹੈ ਬੇਸ਼ੱਕ ਮੇਰੇ ਘਰੇ ਵੀਰਾਨਗੀ

ਖੇਡਦੇ ਆਏ ਨੇ ਚਿਰ ਤੋਂ ਉਹ ਮੇਰੇ ਜਜ਼ਬਾਤ ਨਾਲ
ਮੈਂ ਦਿਖਾਈ ਫੇਰ ਵੀ ਉਹਨਾਂ ਨੂੰ ਹੈ ਜ਼ਿੰਦਾਦਿਲੀ

ਆਪਣੀ ਤਾਰੀਫ਼ ਉਹ ਕਰਦੇ ਨੇ ਖੁਦ ਸੰਗਦੇ ਨਹੀਂ
ਐ ਜਨਕ ਉਹਨਾਂ ਦੀ ਚਰਚਾ ਇਸ ਲਈ ਘਰ–ਘਰ ਛਿੜੀ

ੴ

ਮੇਰਿਆਂ ਖ਼ਾਬਾਂ 'ਚ ਉਹ ਮੁੜ-ਮੁੜ ਕੇ ਆਉਂਦੇ ਹੀ ਰਹੇ
ਵੇਖ ਕੇ ਮੈਨੂੰ ਮਗਰ ਉਹ ਬੁੜ-ਬੁੜਾਉਂਦੇ ਹੀ ਰਹੇ

ਮੈਂ ਪਿਆਇਆ ਹੈ ਜਿਨ੍ਹਾਂ ਨੂੰ ਆਪਣੇ ਇਸ ਦਿਲ ਦਾ ਖ਼ੂਨ
ਉਹ ਮੇਰੇ ਜਜ਼ਬਾਤ ਦੀ ਖਿੱਲੀ ਉਡਾਉਂਦੇ ਹੀ ਰਹੇ

ਪਿਆਰ ਕਿੱਥੇ ਸੀ ਉਹਨਾਂ ਦੇ ਦਿਲ 'ਚ ਮੇਰੇ ਵਾਸਤੇ
ਉਹ ਮੇਰੇ ਧਨ-ਮਾਲ 'ਤੇ ਨਜ਼ਰਾਂ ਟਿਕਾਉਂਦੇ ਹੀ ਰਹੇ

ਮੈਂ ਪਰਾਏ ਨੇਰਿਆਂ ਨੂੰ ਬਖਸ਼ਿਆ ਚਾਨਣ ਸਦਾ
ਲੋਕ ਪਰ ਮੇਰੇ ਘਰੋਂ ਚਾਨਣ ਚੁਰਾਉਂਦੇ ਹੀ ਰਹੇ

ਜ਼ਖ਼ਮ ਦਿਲ ਦੇ ਐਨੇ ਗਹਿਰੇ ਹਨ ਕਿ ਭਰ ਸਕਦੇ ਨਹੀਂ
ਮੇਰਿਆਂ ਜ਼ਖ਼ਮਾਂ 'ਤੇ ਉਹ ਨਸਤਰ ਚਲਾਉਂਦੇ ਹੀ ਰਹੇ

ਇੱਕ ਉਡਾਰੀ ਮਾਰੀ ਉਹਨਾਂ ਪਰਤ ਕੇ ਆਏ ਨਾ ਫਿਰ
ਮੇਰੀ ਹਿੱਕ 'ਤੇ ਆਲ੍ਹਣਾ ਜੋ ਆਪਣਾ ਪਾਉਂਦੇ ਹੀ ਰਹੇ

ਜਿਹਨਾਂ ਦੇ ਹਰ ਹੁਕਮ ਉੱਤੇ ਫੁੱਲ ਚੜ੍ਹਾਏ ਰਾਤ-ਦਿਨ
ਐ ਜਨਕ ਉਹ ਰਾਤ-ਦਿਨ ਸਾਨੂੰ ਸਤਾਉਂਦੇ ਹੀ ਰਹੇ

੪੦੭

ਸ਼ੂਕਦੇ ਹਨ ਨਾਗ ਥਾਂ-ਥਾਂ ਫਿਰ ਵੀ ਉਹ ਤੁਰਦਾ ਪਿਆ ਹੈ
ਤੁਰ ਰਿਹੈ ਜਿਹੜਾ ਹਨ੍ਹੇਰੇ ਵਿੱਚ ਉਸੇ ਦਾ ਹੌਂਸਲਾ ਹੈ

ਕਿਸ ਤਰ੍ਹਾਂ ਠੰਡੀਆਂ ਹਵਾਵਾਂ ਦੇਂਦੀਆਂ ਬੂਹੇ 'ਤੇ ਦਸਤਕ
ਜਦ ਕਿ ਹਰ ਇਨਸਾਨ ਅੱਜ ਹੈਵਾਨ ਬਣਿਆ ਜਾਪਦਾ ਹੈ

ਆਸ ਦੇ ਪੰਛੀ ਉਡਾਰੀ ਲਾ ਰਹੇ ਹਨ ਮੁੱਦਤਾਂ ਤੋਂ
ਫਿਰ ਵੀ ਮੇਰੇ ਦਿਲ ਦਾ ਜਜ਼ਬਾ ਯਾਰ ਜੀਂਦਾ ਜਾਗਦਾ ਹੈ

ਕਿਸ ਤਰ੍ਹਾਂ ਹੁਣ ਅਪਣੇ ਸੁਪਨੇ ਮੈਂ ਸਜ਼ਾਵਾਂ ਰੀਝ ਲਾ ਕੇ
ਟੁੱਟਿਆਂ ਪੱਤਰਾਂ ਤਰ੍ਹਾਂ ਹਰ ਚਾਅ ਮੇਰਾ ਖਿੱਲਰ ਗਿਆ ਹੈ

ਮੈਨੂੰ ਕਰ ਸਕਦਾ ਹੈ ਕਾਇਲ ਕੋਈ ਕਿੰਝ ਬੰਸੀ ਵਜਾ ਕੇ
ਮੇਰਾ ਦਿਲ ਮੇਰੇ ਸਨਮ ਨੂੰ ਯਾਦ ਕਰਕੇ ਰੋ ਰਿਹਾ ਹੈ

ਐ ਜਨਕ ਤੂੰ ਰੋ ਨਾ ਗੱਲਾਂ ਬੀਤੀਆਂ ਨੂੰ ਯਾਦ ਕਰਕੇ
ਪਿਆਰ ਸੀ ਬੰਦੇ 'ਚ ਜਦ ਹੁਣ ਉਹ ਜ਼ਮਾਨਾ ਬੀਤਿਆ ਹੈ

੪੦੭

ਹਮੇਸ਼ਾ ਜੋ ਮੈਨੂੰ ਸਤਾਉਂਦੇ ਰਹੇ
ਖਿਆਲ ਉਹਨਾਂ ਦੇ ਰੋਜ਼ ਆਉਂਦੇ ਰਹੇ

ਜੋ ਤੱਕ ਮੈਨੂੰ ਸਨ ਚਿੜ-ਚਿੜਾਉਂਦੇ ਰਹੇ
ਮੜ੍ਹੀ 'ਤੇ ਉਹ ਦੀਵੇ ਜਗਾਉਂਦੇ ਰਹੇ

ਜਿਹਨਾਂ ਦੀ ਸ਼ੁਹਰਤ ਵਧਾਈ ਸਦਾ
ਉਹ ਮੇਰੀ ਇੱਜ਼ਤ ਘਟਾਉਂਦੇ ਰਹੇ

ਹਵਾ ਰੁਕ ਗਈ ਕਿਸ ਨੇ ਆਉਣਾ ਹੈ ਅੱਜ ?
ਸਿਆਣੇ ਕਿਆੜ਼ੇ ਹੀ ਲਾਉਂਦੇ ਰਹੇ

ਸੰਭਲ ਕੇ ਜਿਹਨਾਂ ਪੈਰ ਪੁੱਟਿਆ ਨਹੀਂ
ਉਹ ਉਮਰ ਭਰ ਛਟਪਟਾਉਂਦੇ ਰਹੇ

ਮੁਕੰਮਲ ਨਾ ਹੋਇਆ ਖਿਆਲੀ ਮਹਿਲ
ਬਣਾਉਂਦਾ ਰਿਹਾ ਮੈਂ ਉਹ ਢਾਉਂਦੇ ਰਹੇ

ਉਹਨਾਂ ਦਾ ਸੁਭਾਅ ਕੀ "ਜਨਕ" ਜਾਣਦੈ
ਉਹ ਉਂਗਲਾਂ 'ਤੇ ਸਭ ਨੂੰ ਨਚਾਉਂਦੇ ਰਹੇ

ਠੋਕਰਾਂ ਹੀ ਠੋਕਰਾਂ ਹਨ ਹਾਦਸਾ ਦਰ ਹਾਦਸਾ ਹੈ
ਹਰ ਗਲੀ ਸੁੰਨਸਾਨ ਹੈ ਹਰ ਥਾਂ ਹਨ੍ਹੇਰਾ ਫੈਲਿਆ ਹੈ

ਕੌਣ ਭਰਦਾ ਹੈ ਹੁੰਗਾਰਾ ਯਾਰ ਸੱਚੀ ਗੱਲ ਦਾ ਹੁਣ
ਹੁਣ ਤਾਂ ਹਰ ਇੱਕ ਸ਼ਖਸ ਆਪਣਾ ਫਾਇਦਾ ਹੀ ਦੇਖਦਾ ਹੈ

ਰੂਹ ਨੂੰ ਆਵਾਜ਼ ਮਾਰਾਂ ਸੁਣ ਲਵੇ ਜੇ ਬਾਤ ਮੇਰੀ
ਉਂਜ ਤਾਂ ਮੇਰੀ ਜਵਾਨੀ ਦਾ ਵੀ ਮੌਸਮ ਬੀਤਿਆ ਹੈ

ਆਪਣੀ ਹੀ ਅੱਗ ਅੰਦਰ ਆਪ ਸੜ ਕੇ ਭਸਮ ਨਾ ਹੋ
ਅਕਲ ਹੈ ਬਖਸ਼ੀ ਖੁਦਾ ਨੇ ਹੌਂਸਲਾ ਵੀ ਬਖਸ਼ਿਆ ਹੈ

ਜਿਸ ਨੇ ਪੱਲਾ ਝਾੜ ਦਿੱਤਾ ਰਹਿ ਗਿਆ ਕੀ ਉਸ ਦੇ ਪੱਲੇ
ਉਹ ਤਾਂ ਐਵੇਂ ਰੂੜੀਆਂ ਵਿੱਚੋਂ ਸੁਗੰਧੀ ਭਾਲਦਾ ਹੈ

ਕਰ ਲੈ ਦਿਲ ਕੁਝ ਹੌਲਾ ਆਪਣਾ ਕਰਕੇ ਸੱਜਣਾ ਨਾਲ ਸ਼ਿਕਵੇ
ਇੱਕ ਗਿਲਾ ਬਾਕੀ ਹੈ ਮੇਰਾ ਉਹ ਜਨਕ ਹੀ ਜਾਣਦਾ ਹੈ

ਤੇਰੇ ਦਿਲ ਅੰਦਰ ਮੁਹੱਬਤ ਵਰਗੀ ਖੁਸ਼ਬੋਈ ਨਹੀਂ
ਇੰਜ ਲਗਦੈ ਜਿੱਦਾਂ ਦੁਨੀਆਂ ਵਿੱਚ ਤੇਰਾ ਕੋਈ ਨਹੀਂ

ਤੇਰੀ ਇੱਜ਼ਤ ਦੀ ਉਹ ਰਾਖੀ ਕਰ ਸਕੂਗਾ ਕਿਸ ਤਰ੍ਹਾਂ
ਜਿਸ ਨੇ ਆਪਣੇ ਸਿਰ ’ਤੇ ਰੱਖੀ ਸ਼ਰਮ ਦੀ ਲੋਈ ਨਹੀਂ

ਸ਼ੌਕ ਮੇਰੇ ਅੱਜ ਵੀ ਉਸੇ ਤਰ੍ਹਾਂ ਹਨ ਭਰ-ਜਵਾਨ
ਮੇਰੇ ਦਿਲ ਦੀ ਇੱਕ ਵੀ ਸੱਧਰ ਅਜੇ ਮੋਈ ਨਹੀਂ

ਤੂੰ ਗੁਆ ਦਿੱਤੀ ਮੇਰੀ ਹਰ ਚੀਜ਼ ਹੈ ਕੋਸ਼ਿਸ਼ ਦੇ ਨਾਲ
ਮੈਂ ਤਾਂ ਤੇਰੀ ਇੱਕ ਵੀ ਸ਼ੈਅ ਅੱਜ ਤੱਕ ਖੋਈ ਨਹੀਂ

ਮੇਰੇ ਦਿਲ ਦੀ ਪੀੜ ਵਧਦੀ ਜਾ ਰਹੀ ਹੈ ਹਰ ਘੜੀ
ਮੈਂ ਯਤਨ ਕੀਤੇ ਵਧੇਰੇ ਪੀੜ ਘੱਟ ਹੋਈ ਨਹੀਂ

ਕਿਹੜੀ ਗੱਲ ਦਾ ਬੋਝ ਰਖਦੈਂ ਐ ਜਨਕ ਤੂੰ ਦੱਸ ਦੇ
ਜ਼ਿੰਦਗੀ ਭਰ ਤੈਥੋਂ ਗ਼ਲਤੀ ਜਦ ਰਤਾ ਹੋਈ ਨਹੀਂ

ੴ

ਉਹ ਮੇਰੇ ਘਰ ਵਿੱਚ ਲੈ ਕੇ ਗੁਲਾਬ ਆਵੇ
ਹਰ ਦਿਨ ਉਹ ਰੋਜ਼ ਹੀ ਨਾ ਬਣ ਕੇ ਨਵਾਬ ਆਵੇ

ਹੋਵੇਗੀ ਮੇਰੇ ਦਿਲ ਦੀ ਖਾਹਿਸ਼ ਤਾਂ ਪੂਰੀ ਯਾਰੋ
ਜ਼ੁਲਫਾਂ 'ਚ ਫੁੱਲ ਸਜਾ ਕੇ ਅੱਜ ਉਹ ਜਨਾਬ ਆਵੇ

ਮੰਜ਼ਿਲ ਦਾ ਰਾਹ ਮਿਲੂਗਾ ਇਹਨਾਂ ਹੀ ਡੰਡੀਆਂ 'ਚੋਂ
ਚੜ੍ਹਿਆ ਨਜ਼ਰ ਫਲਕ ਤੇ ਜੇ ਆਫ਼ਤਾਬ ਆਵੇ

ਧੀਰਜ ਵੀ ਰੱਖ ਦਿਲ ਵਿੱਚ ਆਪੇ ਤੋਂ ਹੋ ਨਾ ਬਾਹਰ
ਇੱਕ ਲਕਤ ਉਸ ਕਲੀ 'ਤੇ ਕਿੱਦਾ ਸ਼ਬਾਬ ਆਵੇ

ਐਂ ਬੇਲਿਹਾਜ਼ ਹੋਣਾ ਬਿਲਕੁਲ ਖ਼ਰਾ ਨਹੀਂ ਹੈ
ਮੇਰੇ ਕਿਸੇ ਤਾਂ ਖ਼ਤ ਦਾ ਕੋਈ ਜਵਾਬ ਆਵੇ

ਬਿਨਾਂ ਖੰਭਾਂ ਤੋਂ ਮੈਂ ਆਸਮਾਨ ’ਤੇ ਲਾਈ ਉਡਾਰੀ ਹੈ
ਮਗਰ ਜਿਸ ਨੇ ਸੀ ਕੱਟੇ ਖੰਭ ਹੱਸਦਾ ਉਹ ਸ਼ਿਕਾਰੀ ਹੈ

ਸਦਾ ਦਹਿਲੀਜ਼ ਆਪਣੀ ’ਤੇ ਮੈਂ ਦੀਵੇ ਬਾਲਦਾ ਰਹਿਣੈਂ
ਅਗਰ ਮੈਂ ਰੌਸ਼ਨੀ ਵੰਡਦਾ ਕਿਉਂ ਤੈਨੂੰ ਬੇਕਰਾਰੀ ਹੈ

ਹਜ਼ਾਰਾਂ ਵਾਰ ਖਾਧੇ ਜ਼ਖ਼ਮ ਹਨ ਮੈਂ ਦੋਸਤਾਂ ਕੋਲੋਂ
ਮਗਰ ਇਹ ਵੀ ਅਦਾ ਯਾਰਾਂ ਦੀ ਮੈਨੂੰ ਲਗਦੀ ਪਿਆਰੀ ਹੈ

ਉਹ ਆਪਣਾ ਹਰ ਗੁਨਾਹ ਮੇਰੇ ਸਿਰ ਹੀ ਕਿਉਂ ਚਾਹੁੰਦਾ ਹੈ ਮੜਨਾ
ਮੈਂ ਉਸ ਦਾ ਦਿਲ ਦੁਖਾਇਆ ਨਾ, ਨਾ ਸਿਰ ’ਤੇ ਸੱਟ ਮਾਰੀ ਹੈ

ਮੇਰੀ ਖ਼ਹਿਸ਼ ਸੀ ਉਲਝੀ ਜ਼ੁਲਫ਼ ਉਸ ਦੀ ਮੈਂ ਸੰਵਾਰਾਂਗਾ
ਮਗਰ ਉਸ ਬੇਖ਼ਬਰ ਨੇ ਇਹ ਖ਼ਬਰ ਥਾਂ-ਥਾਂ ਖਿਲਾਰੀ ਹੈ

ਮੈਂ ਜਦ ਬਾਗਾਂ ਦੀ ਗੱਲ ਕਰਦੈਂ ਜਾਂ ਫੁੱਲਾਂ ਦੀ ਜਾਂ ਕਲੀਆਂ ਦੀ
ਛੁਰੇ ਬਾਜ਼ੀ ਦਾ ਯਾਰੋ ਖੇਲ ਉਸ ਦਾ ਚਿਰ ਤੋਂ ਜਾਰੀ ਹੈ

ਇਹ ਰੱਬ-ਰੱਬ ਕਰਨ ਵਾਲੇ ਰੱਬ ਦਿਆਂ ਬੰਦਿਆਂ ਦੇ ਕਾਰਨਾਮੇ
ਜਨਕ ਤਾਂ ਮੁੱਦਤਾਂ ਤੋਂ ਹੀ ਮਨੁੱਖਤਾ ਦਾ ਪੁਜਾਰੀ ਹੈ

ੴ

ਘਰ ਦਾ ਤਮਾਮ ਚਾਨਣ ਜ਼ਾਲਮ ਡਕਾਰ ਤੁਰਿਆ
ਮੈਨੂੰ ਹੀ ਮਾਰਨਾ ਸੀ ਉਹ ਮੈਨੂੰ ਮਾਰ ਤੁਰਿਆ

ਰਾਖਾ ਤੂੰ ਜ਼ਿੰਦਗੀ ਦਾ ਨਾ ਖੇਲ ਖ਼ੂਨੀ ਹੋਲੀ
ਕਿੱਥੋਂ ਤੂੰ ਐਸੇ ਭੈੜੇ ਲੈ ਕੇ ਵਿਚਾਰ ਤੁਰਿਆ

ਨਾ ਦਸਤਖ਼ਤ ਕਰਾਂਗਾ ਮੈਂ ਆਪਣੀ ਮੌਤ ਉੱਤੇ
ਆਵਾਂਗਾ ਸ਼ਹਿਰ ਤੇਰੇ ਸਿਰ ਦੇ ਮੈਂ ਭਾਰ ਤੁਰਿਆ

ਚਾਨਣ ਤਾਂ ਮੇਰੇ ਘਰ 'ਚੋਂ ਮੁੜ ਜਾਂਦੈ ਰੋਜ਼ ਆ ਕੇ
ਕਿਉਂ ਨ੍ਹੇਰ ਆਪਣੇ ਦਿਲ ਵਿੱਚ ਕਰਕੇ ਹੰਕਾਰ ਤੁਰਿਆ

ਨੰਗੇ ਨੇ ਜ਼ਖ਼ਮ ਮੇਰੇ ਹੈ ਧੁੱਪ ਦਾ ਟਾਟਕਾ ਵੀ
ਫਿਰ ਵੀ ਮੈਂ ਜਾ ਰਿਹਾ ਹਾਂ ਬੇ ਇਖ਼ਤਿਆਰ ਤੁਰਿਆ

ਦਰਿਆ ਕਿਨਾਰੇ ਬੈਠਾ ਪਿਆਸਾ ਹਾਂ ਫੇਰ ਵੀ ਮੈਂ
ਪੀ ਪੀ ਕੇ ਪਾਣੀ ਏਥੋਂ ਪਿਆਸਾ ਹਜ਼ਾਰ ਤੁਰਿਆ

ਕਿਤੇ ਨਾ ਚੈਨ ਮਿਲੇ ਦਿਲ ਨੂੰ ਮੈਅਕਸ਼ਾਂ ਦੀ ਤਰ੍ਹਾਂ
ਗੁਜ਼ਾਰਾਂ ਜ਼ਿੰਦਗੀ ਆਪਣੀ ਮੈਂ ਫੱਕਰਾਂ ਦੀ ਤਰ੍ਹਾਂ

ਫਰੇਬ ਕੋਈ ਨਾ ਕੀਤਾ ਨਾ ਹੀ ਕਰਨਾ ਆਇਆ
ਘੁਟਾਲੇ ਕਰਨ ਕੀ ਜਾਣਾ ਮੈਂ ਰਹਿਬਰਾਂ ਦੀ ਤਰ੍ਹਾਂ

ਹਨ੍ਹੇਰੀ ਰਾਤ ਵਿੱਚ ਵੀ ਟਿਮ ਟਿਮਾ ਕੇ ਉੱਡਦੇ ਜੋ
ਖੁਦਾਇਆ ਮੈਨੂੰ ਬਣਾਉਂਦਾ ਤੂੰ ਜੁਗਨੂੰਆਂ ਦੀ ਤਰ੍ਹਾਂ

ਕਿਸੇ ਵੀ ਰੁੱਤ 'ਚ ਮੁਕੱਦਰ ਨੇ ਦਿੱਤਾ ਸਾਥ ਨਹੀਂ
ਬਹਾਰਾਂ ਲੰਘਦੀਆਂ ਰਹੀਆਂ ਨੇ ਪੱਤਝੜਾਂ ਦੀ ਤਰ੍ਹਾਂ

ਭਰੋਸਾ ਕਿਸ 'ਤੇ ਕਰਾਂ ਮੈਂ ਜ਼ਮਾਨਾ ਦੇਖ ਲਿਆ
ਸ਼ਿਕਾਰ ਕਰਦੇ ਨੇ ਇਨਸਾਨ ਸ਼ਿਕਰਿਆਂ ਦੀ ਤਰ੍ਹਾਂ

ਤੁਹਾਡਾ ਖ਼ਤ ਜਦੋਂ ਮਿਲਿਆ ਮੈਂ ਪੜ੍ਹ ਕੇ ਗੁੰਮ ਗਿਆ
ਤੁਹਾਡੇ ਖ਼ਤ ਦਾ ਸੀ ਮਜ਼ਮੂਨ ਦੁਸ਼ਮਣਾਂ ਦੀ ਤਰ੍ਹਾਂ

ਕੌਣ ਹੈ ਉਹ ਲਾਲਚੀ ਜੋ ਜ਼ੁਲਮ ਐਨਾ ਢਾ ਰਿਹੈ
ਬਿਰਖ ਜੋ ਦਿੰਦੇ ਨੇ ਛਾਂ ਉਹਨਾਂ ਨੂੰ ਕੱਟਦਾ ਜਾ ਰਿਹੈ

ਬੰਦ ਬੋਤਲਾਂ ਵਿੱਚ ਮਿਲਾਵਟ ਵੇਖ ਕੇ ਹੈਰਾਨ ਹਾਂ
ਠੇਕੇਦਾਰਾਂ ਦਾ ਚਲਣ ਅੱਜ ਘਟੀਆ ਹੁੰਦਾ ਜਾ ਰਿਹੈ

ਉਂਜ ਤਾਂ ਮੇਲੇ 'ਚ ਆਏ ਹਨ ਹਸੀਂ ਹੱਦੋਂ ਪਰੇ
ਇੱਕ ਹਸੀਂ ਐਸੈ ਜੋ ਸਾਰਾ ਮੇਲਾ ਲੁਟਦਾ ਜਾ ਰਿਹੈ

ਕੀ ਪਤਾ ਹੈ ਮੇਰੇ ਦਿਲ ਨੂੰ ਹੋ ਗਿਆ ਕੀ ਰੋਗ ਹੈ
ਸਰਦ ਰੁੱਤ ਵਿੱਚ ਵੀ ਨਿਮਾਣਾ ਸੜਦਾ-ਬਲਦਾ ਜਾ ਰਿਹੈ

ਮੇਰੀ ਕਿਸ਼ਤੀ ਡੋਲਦੀ ਹੈ ਯਾ-ਇਲਾਹੀ ਖ਼ੈਰ ਕਰ
ਜ਼ਿੰਦਗੀ ਮੇਰੀ ਨੂੰ ਖ਼ਤਰਾ ਹੋਰ ਵਧਦਾ ਜਾ ਰਿਹੈ

ਮੇਰੇ ਘਰ ਅੰਦਰ ਹਨ੍ਹੇਰਾ ਹੁਣ ਵੀ ਹੈ ਪਹਿਲੋਂ ਵੀ ਸੀ
ਹੁਣ ਚੁਫੇਰਾ ਹੀ ਮੇਰਾ ਨ੍ਹੇਰੇ 'ਚ ਘਿਰਦਾ ਜਾ ਰਿਹੈ

## ੮੦੩

ਨਾ ਬਣਾਓ ਸ਼ੀਸ਼ਿਆਂ ਦੇ ਘਰ ਤੁਸੀਂ
ਬਦਲਦੇ ਮੌਸਮ ਦਾ ਮੰਨੋ ਡਰ ਤੁਸੀਂ

ਬੇਜ਼ੁਬਾਨਾਂ ਨੂੰ ਨਾ ਮਾਰੋ ਇਸ ਤਰ੍ਹਾਂ
ਇਉਂ ਨਾ ਕੁਤਰੋ ਪੰਛੀਆਂ ਦੇ ਪਰ ਤੁਸੀਂ

ਬਹੁਤ ਮੁੱਦਅਤ ਬਾਅਦ ਆਇਆ ਹਾਂ ਹਜ਼ੂਰ
ਬੰਦ ਕਿਉਂ ਕਰਦੇ ਹੋ ਆਪਣਾ ਦਰ ਤੁਸੀਂ

ਨਾਗ ਤੋਂ ਮੈਨੂੰ ਬਚਾਉਗੇ ਕਿਵੇਂ
ਆਪ ਹੀ ਜਦ ਬਣ ਗਏ ਅਜ਼ਗਰ ਤੁਸੀਂ

ਜ਼ਿੰਦਗੀ ਵਿੱਚ ਨੇਕੀਆਂ ਕਰਦੇ ਰਹੋ
ਇਸ ਤਰ੍ਹਾਂ ਤਾਂ ਨਾ ਬਣੋ ਜ਼ਾਬਰ ਤੁਸੀਂ

ਠੋਕਰਾਂ ਦੋ-ਚਾਰ ਲੱਗਣ ਦਿਲ ਨੂੰ ਜੇ
ਪੜ੍ਹ ਸਕੋਗੇ ਇਸ਼ਕ ਦੇ ਅੱਖਰ ਤੁਸੀਂ

੮੦੭

ਗਾ ਰਿਹੈ ਮੇਰੀ ਗ਼ਜ਼ਲ ਪਰ ਬੇ-ਤਰੰਗਾ ਹੋ ਰਿਹੈਂ
ਦਿਲ ਰਤਾ ਮਜ਼ਬੂਤ ਰੱਖ ਏਦਾਂ ਕਿਉਂ ਝੱਲਾ ਹੋ ਰਿਹੈਂ

ਇੰਝ ਨਫ਼ਰਤ ਨਾ ਵਧਾ ਤੂੰ ਪਿਆਰ ਦੀ ਖੁਸ਼ਬੂ ਖਿਲਾਰ
ਆਪਣਿਆਂ ਰਾਹਾਂ 'ਚ ਕੰਡੇ ਕਾਸਤੋਂ ਤੂੰ ਬੋ ਰਿਹੈਂ

ਜਿੱਤਣਾ ਚਾਹੀਦਾ ਹੈ ਵਿਸ਼ਵਾਸ ਹਰ ਇਕ ਯਾਰ ਦਾ
ਵੇਖ ਕੇ ਯਾਰਾਂ ਨੂੰ ਕਿਉਂ ਪਲਕਾਂ ਦੇ ਬੂਹੇ ਢੋ ਰਿਹੈਂ

ਤੇਰੇ ਦਿਲ ਵਿਚ ਜੇ ਹੈ ਕਸਤੂਰੀ ਨਾ ਕਰ ਬਾਹਰ ਤਲਾਸ਼
ਐਵੇਂ ਹੁਣ ਤੱਕ ਝਾੜੀਆਂ 'ਚੋਂ ਭਾਲਦੈਂ ਖੁਸ਼ਬੋ ਰਿਹੈਂ

ਮੁਸਕਰਾਹਟ ਲਬ 'ਤੇ ਹੈ ਪਰ ਨੈਣ ਹਨ ਹੰਝੂ ਭਰੇ
ਇਹ ਪਤਾ ਲਗਦਾ ਨਹੀਂ ਤੂੰ ਹੱਸਦੈਂ ਜਾਂ ਰੋ ਰਿਹੈਂ

ਖ਼ੂਨ ਪਾ ਕੇ ਸਿੰਜ ਹਰ ਬੂਟਾ ਜੇ ਚਾਹੁਣੈ ਸੁਰਖ਼-ਫੁੱਲ
ਤੂੰ ਹਰੇਕ ਬੂਟੇ ਦੀ ਜੜ੍ਹ ਵਿੱਚ ਤੇਲ ਕਾਹਤੋਂ 'ਚੋਂ ਰਿਹੈਂ

੯੭

ਕਿਹੜਾ ਮੈਨੂੰ ਭੇਜ ਰਿਹਾ ਹੈ ਨਿੱਤ ਨਵੀਆਂ ਤਸਵੀਰਾਂ
ਦਿਲ ਦੇ ਸ਼ੌਕ ਇਕੱਠੇ ਹੋ ਕੇ ਕਿਉਂ ਘੱਤ ਗਏ ਵਹੀਰਾਂ

ਸੱਚਾ ਇਸ਼ਕ ਪੁਰਾਣੀ ਗੱਲ ਹੈ ਪਰ ਇਹ ਦੌਰ ਨਵਾਂ ਹੈ
ਨਾ ਹੁਣ ਕਿਧਰੇ ਰਾਂਝੇ ਮਿਲਦੇ ਨਾ ਹੁਣ ਕਿਧਰੇ ਹੀਰਾਂ

ਪਹਿਣ ਪੁਸ਼ਾਕ ਰੇਸ਼ਮੀ ਆਏ ਖੁਸ਼ਬੂ ਵਿੱਚ ਨਹਾ ਕੇ
ਸ਼ਰਮ ਨਾਲ ਹੀ ਗਰਕ ਹੋ ਗਈਆਂ ਮੇਰੇ ਤਨ ਦੀਆਂ ਲੀਰਾਂ

ਸੂਰਦਾਸ ਤੁਲਸੀ ਹੁਣ ਕਿੱਥੇ ਮੀਰਾਂ ਤੁਰ ਗਈ ਚਿਰ ਦੀ
ਪੈਸਾ ਆਪਣਾ ਰੱਬ ਬਣਾਇਆ ਨਵਿਆਂ ਭਗਤ ਕਬੀਰਾਂ

ਕਿੰਨੇ ਪਿਆਰ ਦੇ ਦੀਪ ਜਲਾਓ ਰਹਿਣਾ ਘਰੇ ਹਨ੍ਹੇਰਾ
ਚਾਨਣ ਪੀ ਕੇ ਹਜ਼ਮ ਕਰ ਲਿਆ ਰਿਸ਼ਵਤ ਖ਼ੋਰ ਵਜ਼ੀਰਾਂ

ਜੋ ਉਸ ਕਰਨੈਂ ਹੋ ਕੇ ਰਹਿਣੈਂ ਟਾਲ ਸਕੇ ਨਾ ਕੋਈ
ਜਨਕ ਰਾਜ ਤੂੰ ਬੈਠਾ ਘਰ ਵਿੱਚ ਕਰ ਕਿੰਨੀਆਂ ਤਕਰੀਰਾਂ

ਕਿਸੇ ਦੀ ਬਾਂਹ ਭਲਾਂ ਕਿਹੜਾ ਫੜੇ ਅੱਜ
ਹਰੇਕ ਤੂਹਮਤ ਹੀ ਸੱਚ ਦੇ ਸਿਰ ਮੜ੍ਹੇ ਅੱਜ

ਹਰੇਕ ਥਾਂ ਆਪਣੇ ਆਪਣੇ ਹਨ ਧੜੇ ਅੱਜ
ਹਰੇਕ ਬੰਦਾ ਹੀ ਦਿਲ ਅੰਦਰ ਸੜੇ ਅੱਜ

ਹਰੇਕ ਥਾਂ ਝੂਠ ਦਾ ਹੈ ਬੋਲ-ਬਾਲਾ
ਮਗਰ ਸਚਾਈ ਸੂਲੀ 'ਤੇ ਚੜ੍ਹੇ ਅੱਜ

ਚਿਰਾਂ ਤੋਂ ਜਗ ਰਿਹਾ ਦੀਵਾ ਹੈ ਬੁਝਿਆ
ਹਨ੍ਹੇਰੇ ਨਾਲ ਦਸ ਕਿਹੜਾ ਲੜੇ ਅੱਜ

ਜੋ ਕੋਲੇ ਬਹਿ ਕੇ ਮਿੱਠੀਆਂ ਮਾਰਦੇ ਹਨ
ਅਜਿਹੇ ਲੋਕ ਦਿਸਦੇ ਹਨ ਬੜੇ ਅੱਜ

ਮੇਰੇ ਪੈਰੀਂ ਜਿਹਨਾਂ ਨਜ਼ਰਾਂ ਵਿਛਾਈਆਂ
ਮੇਰੇ ਖ਼ਾਤਰ ਉਹਨਾਂ ਫ਼ਤਵੇ ਘੜੇ ਅੱਜ